ੴ

# ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਨਾਨਕ ਦੇਵ ਜੀ
ਦੇ ਤਖ਼ਤ ਦੇ ਗਿਆਰਵੇਂ ਜਾਨਸ਼ੀਨ
ਅਤੇ
ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਉਤ੍ਰਾਧਕਾਰੀ
ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਅਵਤਾਰ ਦਿਹਾੜੇ
ਦੀ ਸਭ ਨੂੰ ਵਧਾਈ ਹੋਵੈ ਜੀ

HAPPY HOLA

ਹੋਲਾ ਮੁਬਾਰਕ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਦੋਂ ਔਰੰਗਜ਼ੇਬ ਮਰਿਆ ਸੀ ਉਦੋਂ ਉਸਦਾ ਵੱਡਾ ਪੁੱਤਰ ਮੁਹੰਮਦ ਮੁਅਜ਼ਮ (ਬਹਾਦਰ ਸ਼ਾਹ) ਬਲਖ ਬੁਖਾਰੇ ਗਿਆ ਹੋਇਆ ਸੀ। ਉਸਦੀ ਗੈਰ ਹਾਜ਼ਰੀ ਦਾ ਫਾਇਦਾ ਉਠਾ ਕੇ ਔਰੰਗਜ਼ੇਬ ਦਾ ਛੋਟਾ ਪੁੱਤਰ ਆਜ਼ਮ ਸ਼ਾਹ ਤਖ਼ਤ ਤੇ ਬਹਿ ਗਿਆ ਸੀ। ਬਹਾਦਰ ਸ਼ਾਹ ਬੁਖਾਰੇ ਤੋਂ ਵਾਪਸ ਆ ਰਿਹਾ ਸੀ ਕਿ ਖਬਰ ਮਿਲ ਗਈ ਕਿ ਆਜ਼ਮ ਸ਼ਾਹ ਤਖ਼ਤ ਤੇ ਬਹਿ ਗਿਆ ਹੈ ਬਹਾਦਰ ਸ਼ਾਹ ਨੇ ਅਪਣੇ ਅਹਿਲਕਾਰਾਂ ਨਾਲ ਸਲਾਹ ਕੀਤੀ ਕਿ ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ? ਉਨ੍ਹਾਂ ਅਹਿਲਕਾਰਾਂ ਵਿਚ ਭਾਈ ਨੰਦ ਲਾਲ ਜੀ ਵੀ ਸਨ। ਭਾਈ ਨੰਦ ਲਾਲ ਜੀ ਨੇ ਕਹਿਆ ਕਿ ਐਸ ਵੇਲੇ ਜੇ ਗੁਰੂ ਗੋਬਿੰਦ ਸਿੰਘ ਜੀ ਤੁਹਾਡੀ ਸਹਾਇਤਾ ਕਰਨ ਤਾਂ ਤੁਹਾਨੂੰ ਤਖ਼ਤ ਮਿਲ ਸਕਦਾ ਹੈ ਨਹੀਂ ਤਾਂ ਹੋਰ ਕੋਈ ਚਾਰਾ ਨਹੀਂ।

ਬਹਾਦਰ ਸ਼ਾਹ ਸਤਿਗੁਰੂ ਜੀ ਦੀ ਸੋਭਾ ਅਗੇ ਵੀ ਸੁਣ ਚੁਕਾ ਸੀ। ਉਸਨੂੰ ਇਹ ਬੋਲ ਪਸੰਦ ਆ ਗਈ ਅਤੇ ਉਸਨੇ ਭਾਈ ਨੰਦ ਨੂੰ ਗੁਰੂ ਜੀ ਕੋਲ ਜਾਕੇ ਅਰਜ਼ ਕਰਨ ਵਾਸਤੇ ਕਹਿਆ। ਭਾਈ ਨੰਦ ਲਾਲ ਇਕ ਹੋਰ, ਸਿਖ ਹਾਕਮ ਰਾਏ ਨੂੰ ਲੈਕੇ ਬਘੌਰ ਗੁਰੂ ਜੀ ਕੋਲ ਪਹੁੰਚ ਗਿਆ। ਗੁਰੂ ਜੀ ਸਾਰੀ ਗੱਲ ਦਸ ਕੇ ਬੇਨਤੀ ਕੀਤੀ ਕਿ ਬਹਾਦਰ ਸ਼ਾਹ ਤੁਹਾਡੀ ਸ਼ਰਨ ਆਇਆ ਹੈ ਕਿਰਪਾ ਕਰਕੇ ਉਸਦੀ ਸਹਾਇਤਾ ਕਰੋ। ਸਤਿਗੁਰੂ ਜੀ ਨੇ ਸ਼ਰਨ ਆਏ ਬਹਾਦਰ ਸ਼ਾਹ ਦੀ ਭਾਈ ਨੰਦ ਰਾਹੀ ਬੇਨਤੀ ਸੁਣ ਕੇ ਭਾਈ ਨੰਦ ਲਾਲ ਨੂੰ ਕਿਹਾ ਕਿ ਜੇ ਬਹਾਦਰ ਸ਼ਾਹ ਸਾਡੀ ਇਕ ਗਲ ਮੰਨ ਲਏ ਤਾਂ ਅਸੀਂ ਸਹਾਇਤਾ ਕਰਕੇ ਉਸਨੂੰ ਪਾਤਸ਼ਾਹੀ ਦਿਵਾ ਦਿਆਂਗੇ। ਗੁਰੂ ਜੀ ਦਾ ਇਹ ਬਚਨ ਸੁਣ ਕੇ ਭਾਈ ਨੰਦ ਲਾਲ ਅਤੇ ਹਾਕਮ ਰਾਏ ਨੇ ਵਾਪਸ ਜਾਕੇ ਬਹਾਦਰ ਸ਼ਾਹ ਨੂੰ ਸਾਰੀ ਗੱਲ ਦੱਸੀ। ਬਹਾਦਰ ਸ਼ਾਹ ਨੇ ਆਖਿਆ ਕਿ ਜੇ ਗੁਰੂ ਜੀ ਮੈਨੂੰ ਤਖ਼ਤ ਲੈ ਦੇਣਗੇ ਤਾਂ ਫਿਰ ਜਿਸ ਤਰ੍ਹਾਂ ਗੁਰੂ ਜੀ ਕਹਿਣਗੇ ਮੈਂ ਉਨ੍ਹਾਂ ਦੀ ਗੱਲ ਮੰਨ ਲਵਾਂਗਾ। ਬਹਾਦਰ ਸ਼ਾਹ ਦੀ ਗੱਲ ਭਾਈ ਜੀ ਨੇ ਸਤਿਗੁਰੂ ਜੀ ਨੂੰ ਜਾ ਦੱਸੀ। ਗੁਰੂ ਜੀ ਨੇ ਇਹ ਸ਼ਰਤ ਬਹਾਦਰ ਸ਼ਾਹ ਕੋਲੋਂ ਭਾਈ ਨੰਦ ਲਾਲ ਰਾਹੀਂ ਲਿਖਵਾ ਵੀ ਲਈ।

ਬਹਾਦਰ ਸ਼ਾਹ ਨੇ ਤਿਆਰੀ ਕਰਕੇ ਦੱਖਣ ਵਲ ਚੜ੍ਹਾਈ ਕਰ ਦਿੱਤੀ। ਦੂਜੇ ਪਾਸਿਓਂ (ਤਾਰਾ ਆਜ਼ਮ) ਆਜ਼ਮ ਸ਼ਾਹ ਨੇ ਵੀ ਦੱਖਣ ਵਲੋਂ ਚੜ੍ਹਾਈ ਕਰ ਦਿੱਤੀ। ਜਾਜੂ ਦੇ ਮੁਕਾਮ ਤੇ ਦੁਹਾਂ ਭਰਾਵਾਂ ਦੀਆਂ ਫੌਜਾਂ ਦਾ ਘੋਰ ਜੁੱਧ ਹੋਇਆ। ਬਹਾਦਰ ਸ਼ਾਹ ਕੋਲ ਫੌਜ ਵੀ ਥੋੜੀ ਸੀ ਅਤੇ ਸ਼ਸਤਰ ਘੋੜੇ ਵੀ ਥੋੜੇ ਸਨ। ਉਹ ਬੜਾ ਘਾਬਰ ਗਿਆ। ਇੰਨੇ ਚਿਰਾਂ ਨੂੰ ਗੁਰੂ ਜੀ ਅਪਣੇ ਜਥੇ ਸਮੇਤ ਪਹੁੰਚ ਗਏ। ਆਉਂਦਿਆਂ ਸਾਰ ਜਥੇ ਨੇ ਤਰਥੱਲੀ ਮਚਾ ਦਿੱਤੀ। ਅਨੇਕਾਂ ਸੂਰਮਿਆਂ ਨੂੰ ਮਾਰ ਸੁੱਟਿਆ ਸ੍ਰੀ ਗੁਰੂ ਜੀ ਨੇ ਆਪ ਇਕ ਐਸਾ ਬਾਣ ਚਲਾਇਆ ਜੋ ਤਾਰਾ ਆਜ਼ਮ ਦੇ ਮੱਥੇ ਵਿਚ ਵੱਜਾ। ਬਾਣ ਦੇ ਵਜਦਿਆਂ ਸਾਰ ਹੀ ਤਾਰਾ ਆਜ਼ਮ ਹਾਥੀ ਤੋਂ ਡਿੱਗ ਕੇ ਮਰ ਗਿਆ ਹੋਰ ਵੀ ਕਈ ਵੱਡੇ ਵੱਡੇ ਉਮਰਾਵ ਮਾਰੇ ਗਏ। ਬਾਕੀ ਦੇ ਉਮਰਾਵਾਂ ਨੇ ਬਹਾਦਰ ਨੂੰ ਬਾਦਸ਼ਾਹ ਮੰਨ ਲਿਆ। ਜਦੋਂ ਤਾਰਾ ਆਜ਼ਮ ਦੇ ਮੱਥੇ ਵਿਚੋਂ ਤੀਰ ਕੱਢ ਕੇ ਚੰਗੀ

ਜਾਂ ਵੇਖਿਆ ਗਿਆ ਤਾਂ ਪਤਾ ਲੱਗਾ ਕਿ ਇਹ ਤੀਰ ਸ੍ਰੀ ਗੁਰੂ ਸਾਹਿਬ ਜੀ ਦਾ ਹੈ । ਹੁਣ ਸਭ ਨੂੰ ਨਿਸਚਾ ਹੋ ਗਿਆ ਕਿ ਤਾਰਾ ਆਜ਼ਮ ਸ੍ਰੀ ਗੁਰੂ ਜੀ ਦੇ ਤੀਰ ਨਾਲ ਮਰਿਆ ਹੈ

ਤਾਰਾ ਆਜ਼ਮ ਚਢਯੋ ਫੀਲ ਪੈ ਜੰਗ ਕਰਾਵਤ ਜਹਿਨਾ । ਫੀਲ-ਹਾਥੀ
ਸਿੰਘਨ ਕਾ ਹੌਲਾ ਕਰਵਾ ਕੈ ਸਤਿਗੁਰੂ ਪਹੁਚੇ ਤਹਿਨਾ ।
ਤੀਰ ਖੈਂਚ ਆਜ਼ਮ ਕੋ ਮਾਰਯੋ ਸੁਟਿਓ ਫੀਲ ਤੈ ਨਾਹੈ ।
ਰੌਰਾ ਪਰਯੋ, ਅਮੀਰ ਦੌਰ, ਆ ਮਿਲੇ ਬਹਾਦਰ ਸ਼ਾਹੈ ।
ਆਜ਼ਮ ਕੋ ਮਾਰਨ ਕਾ ਦਾਵਾ ਕਰਯੋ ਅਨੇਕੈ ਬੀਰਨ ।
ਆਜ਼ਮ ਮਰਿਓ ਤੀਰ ਲਗ ਜੋ, ਸੋ ਮਿਲੈ ਨ ਕਾਹੇ ਤੀਰਨ ।
ਫਿਰ ਜਬ ਸ਼ਾਹਿ ਗੁਰ ਢਿਗ ਆਯੋ, ਸਤਿਗੁਰ ਦਈ ਬਧਾਈ ।
ਤੀਰ ਮਿਲਯੋ ਵਹਿ ਗੁਰੂ ਤੀਰਨ ਮੈਂ, ਖੁਸ਼ੀ ਸ਼ਾਹਿ ਕੋ ਬਾਈ ।

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ)

ਤਾਰਾ ਆਜ਼ਮ ਨੂੰ ਮਾਰ ਕੇ ਗੁਰੂ ਜੀ ਅਛੋਪਲੇ ਹੀ ਕੁਝ ਸਿੰਘਾਂ ਸਮੇਤ ਦਿਲੀ ਆ ਗਏ ।

ਬਹਾਦਰ ਸ਼ਾਹ ਲੜਾਈ ਜਿੱਤ ਕੇ ਆਗਰੇ ਆ ਗਿਆ । ਆਗਰੇ ਆ ਕੇ ਬਹਾਦਰ ਸ਼ਾਹ ਨੇ ਭਾਈ ਧਰਮ ਸਿੰਘ ਜੀ ਅਤੇ ਦੂਜੇ ਸਿੰਘਾਂ ਦਾ ਸਨਮਾਨ ਕੀਤਾ ਅਤੇ ਸਿਰੋਪਾਓ ਦਿੱਤਾ । ਫਿਰ ਭਾਈ ਧਰਮ ਸਿੰਘ ਰਾਹੀਂ ਗੁਰੂ ਜੀ ਨੂੰ ਆਗਰੇ ਦਰਸ਼ਨ ਦੇਣ ਦੀ ਅਰਜ਼ ਕੀਤੀ । ਬਹਾਦਰ ਸ਼ਾਹ ਦੀ ਅਰਜ਼ ਮੰਨ ਕੇ ਗੁਰੂ ਜੀ ਕਈਆਂ ਸਿੰਘਾਂ ਨੂੰ ਲੈ ਕੇ ਆਗਰੇ ਆਣ ਗਏ । ਬਹਾਦਰ ਸ਼ਾਹ ਦੇ ਉਮਰਾਵਾਂ ਨੇ ਸਤਿਗੁਰੂ ਜੀ ਦਾ ਬੜਾ ਸੁਆਗਤ ਕੀਤਾ ਸ਼ਾਹੀ ਮਹਲ ਵਿਚ ਲੈ ਗਏ । ਮਹਲ ਵਿਚ ਬਹਾਦਰ ਸ਼ਾਹ ਨੇ ਬੜੇ ਸਤਿਕਾਰ ਸਹਿਤ ਸਿਜਦਾ ਕੀਤਾ । ਫਿਰ ਇਕ ਚੰਦਨ ਦੀ ਸੁੰਦਰ ਚੌਕੀ ਤੇ ਸੁੰਦਰ ਆਸਣ ਵਿਛਾ ਕੇ ਆਦਰ ਸਹਿਤ ਗੁਰੂ ਜੀ ਨੂੰ ਬੈਠਾਇਆ । ਫਿਰ ਹੱਥ ਜੋੜ ਕੇ ਜੰਗ ਵਿਚ ਸਹਾਇਤਾ ਕਰਕੇ ਜੰਗ ਜਿਤਾਉਣ ਅਤੇ ਬਾਦਸ਼ਾਹੀ ਦੇਣ ਦਾ ਬਹੁਤ ਧੰਨਵਾਦ ਕੀਤਾ ਅਤੇ ਕੀਮਤੀ ਚੀਜ਼ਾਂ ਭੇਟਾ ਵਜੋਂ ਸਤਿਗੁਰੂ ਜੀ ਦੇ ਚਰਨਾਂ ਵਿਚ ਰਖੀਆਂ । ਫਿਰ ਅਰਜ਼ ਕੀਤੀ ਕਿ ਕੁਝ ਚਿਰ ਆਗਰੇ ਹੀ ਰਹੋ । ਸਤਿਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਅਸ਼ੀਰਬਾਦ ਦਿੱਤੀ ਅਤੇ ਚੰਗੇ ਕੰਮ ਕਰਨ ਦੀ ਸਿੱਖਿਆ ਦਿੱਤੀ ਅਤੇ ਫਿਰ ਸਿੰਘਾਂ ਸਮੇਤ ਮਹਲਾਂ ਵਿਚੋਂ ਨਿਕਲ ਕੇ ਦਰਿਆ ਜਮਨਾ ਦੇ ਕਿਨਾਰੇ ਜਾ ਡੇਰਾ ਲਾਇਆ ।

ਹੁਣ ਬਹਾਦਰ ਸ਼ਾਹ ਕਦੀ ਆਪ ਗੁਰੂ ਜੀ ਕੋਲ ਦਰਸ਼ਨ ਕਰਨ ਵਾਸਤੇ ਚਲਾ ਜਾਂਦਾ ਅਤੇ ਕਦੀ ਅਰਜ਼ ਕਰ ਕੇ ਗੁਰੂ ਜੀ ਨੂੰ ਮਹਲਾਂ ਵਿਚ ਬੁਲਾ ਲੈਂਦਾ । ਹਰ ਪਰਕਾਰ ਦੀ ਸੇਵਾ ਦਾ ਧਿਆਨ ਰਖਦਾ । ਇਕ ਦਿਨ ਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਕਹਿਆ ਕਿ ਤੁਸੀਂ ਬਹਾਦਰ ਸ਼ਾਹ ਨੂੰ ਆਖੋ ਕਿ ਹੁਣ ਸਾਡਾ ਇਕਰਾਰ ਪੂਰਾ ਕਰੇ । ਭਾਈ ਨੰਦ ਲਾਲ ਜੀ ਅਤੇ ਹਾਕਮ ਰਾਏ ਦੁਹਾਂ ਨੇ ਮਿਲ ਕੇ

ਬਹਾਦਰ ਸ਼ਾਹ ਨੂੰ ਗੁਰੂ ਜੀ ਨਾਲ ਕੀਤਾ ਹੋਇਆ ਇਕਰਾਰ ਪੂਰਾ ਕਰਨ ਲਈ ਆਖਿਆ । ਬਹਾਦਰ ਸ਼ਾਹ ਨੇ ਸ਼ਾਹੀ ਦਰਬਾਰ ਵਿਚ ਬੇਨਤੀ ਕੀਤੀ ਕਿ ਆਪ ਕੀ ਚਾਹੁੰਦੇ ਹੋ । ਗੁਰੂ ਜੀ ਨੇ ਕਹਿਆ ਕਿ ਜਿਨ੍ਹਾਂ ਸੂਬਿਆਂ ਨੇ ਸਾਡੇ ਸਿਖਾਂ ਤੇ ਜ਼ੁਲਮ ਕੀਤੇ ਹਨ ਅਤੇ ਨਿਰਦੋਸ਼ ਅਤੇ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ ਹੈ, ਉਨ੍ਹਾਂ ਨੂੰ ਸਾਡੇ ਹਵਾਲੇ ਕਰ ਦਿਉ ਅਸੀਂ ਉਨ੍ਹਾਂ ਨੂੰ ਯੋਗ ਦੰਡ ਦਿਆਂਗੇ । ਅਪਣੇ ਮੰਤ੍ਰੀਆਂ ਨਾਲ ਸਲਾਹ ਕਰ ਕੇ ਬਹਾਦਰ ਸ਼ਾਹ ਨੇ ਆਖਿਆ ਕਿ ਮੈਂ ਆਪ ਜੀ ਦੀ ਸਹਾਇਤਾ ਕਰਨ ਦਾ ਬਹੁਤ ਅਹਿਸਾਨਮੰਦ ਹਾਂ । ਹੋਰ ਮੇਰਾ ਨਵਾਂ ਨਵਾਂ ਰਾਜ ਹੈ । ਜੇ ਮੈਂ ਉਨ੍ਹਾਂ ਦੋਸ਼ੀ ਸੂਬਿਆਂ ਨੂੰ ਹੁਣੇ ਹੀ ਆਪ ਜੀ ਦੇ ਹਵਾਲੇ ਕਰ ਦਿੱਤਾ ਤਾਂ ਸਾਰੇ ਦੇਸ਼ ਵਿਚ ਗੜ ਬੜ ਮਚ ਜਾਏਗੀ । ਆਪ ਕਿਰਪਾ ਕਰ ਕੇ ਇਕ ਸਾਲ ਹੋਰ ਠਹਿਰ ਜਾਉ । ਗੁਰੂ ਜੀ ਨੇ ਬੇਖੌਫ ਹੋ ਕੇ ਬਚਨ ਕੀਤਾ ਕਿ

"ਜੇ ਤੂੰ ਹੁਣ ਅਪਣਾ ਇਕਰਾਰ ਪੂਰਾ ਨ ਕੀਤਾ ਤਾਂ ਮੇਰਾ ਇਕ ਸਿਖ ਆਪੇ ਹੀ ਇਨ੍ਹਾਂ ਦੋਸ਼ੀਆਂ ਨੂੰ ਯੋਗ ਦੰਡ ਦੇ ਦੇਵੇਗਾ"

ਬੋਲਯੋ ਸ਼ਾਹਿ, ਕਹੋ ਗੁਰ, ਭਾਵਤਿ ਸੇਵਾ ਕਰਹੋਂ ਸਾਈ ।
ਗੁਰੂ ਕਹਯੋ, ਹਮਰੇ ਜੋ ਦੁਸ਼ਮਨ, ਹਮ ਕੋ ਦਿਹੁ ਪਕਰਾਈ।

ਸ਼ਾਹਿ ਕਹਯੋ, ਕੁਛ ਔਰ ਲੇਹੁ ਅਬ, ਇਹ ਦਿਨ ਪਾਕੈ ਕਰਹੋ।
ਇੰਤਜ਼ਾਮ ਨ ਭਯੋ ਅਬੀ ਲੌ, ਗੈਰ ਪੂਨ ਤੈ ਡਰਹੋ ।

**ਬੋਲੇ ਗੁਰੂ ਤੂੰ ਕੌਲ ਹਾਰ ਗਿਓਂ, ਜਿਨ ਕੋ ਹਮ ਅਬ ਚੈਹੈਂ**
**ਏਕ ਹਮਾਰਾ ਬੰਦਾ ਆ ਕੇ, ਬਦਲੇ ਉਨ ਤੈ ਲੈਹੈਂ**

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)

ਇੰਨਾ ਬਚਨ ਕਰ ਕੇ ਗੁਰੂ ਜੀ ਅਪਣੇ ਡੇਰੇ ਚਲੇ ਗਏ । ਪਿਛੋਂ ਬਹਾਦਰ ਸ਼ਾਹ ਨੂੰ ਚਿੰਤਾ ਹੋਈ ਕਿ ਗੁਰੂ ਜੀ ਸ਼ਾਇਦ ਨਾਰਾਜ਼ ਹੋ ਕੇ ਚਲੇ ਗਏ ਹਨ । ਮੰਤ੍ਰੀਆਂ ਨੇ ਦਿਲਾਸਾ ਦਿੱਤਾ ਕਿ ਤੁਸੀਂ ਕੋਈ ਚਿੰਤਾ ਨ ਕਰੋ, ਗੁੱਸੇ ਵਿਚ ਕਈ ਗਲਾਂ ਹੋ ਜਾਂਦੀਆਂ ਹਨ । ਤੁਸੀਂ ਬਾਦਸ਼ਾਹ ਹੋ ਤੁਹਾਡਾ ਕੋਈ ਕੁਝ ਨਹੀ ਵਿਗਾੜ ਸਕਦਾ ਇਤਿਆਦਿ ਕਈ ਗਲਾਂ ਕਰ ਕੇ ਬਾਦਸ਼ਾਹ ਨੂੰ ਹੌਂਸਲਾ ਦਿੱਤਾ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਜੀ ਬਰਸਾਤਾਂ ਕਾਰਨ ਕਈ ਮਹੀਨੇ ਉੱਥੇ ਰਹੇ। ਬਰਸਾਤ ਦੇ ਮੌਸਮ ਪਿਛੋਂ ਬਹਾਦਰ ਸ਼ਾਹ ਨੇ ਬੇਨਤੀ ਕੀਤੀ ਕਿ ਮੈਂ ਰਾਜਪੂਤ ਰਾਜਿਆਂ ਕੋਲੋਂ ਅਪਣੀ ਈਨ ਮਨਾਉਣ ਵਾਸਤੇ ਜਾ ਰਿਹਾ ਹਾਂ, ਕਿਰਪਾ ਕਰਕੇ ਆਪ ਮੇਰੇ ਨਾਲ ਚਲੋ। ਮੇਰਾ ਕੰਮ ਹੋ ਜਾਏਗਾ ਅਤੇ ਤੁਹਾਡੀ ਸੈਰ ਹੋ ਜਾਏਗੀ। ਗੁਰੂ ਜੀ ਨੇ ਉੱਤਰ ਦਿੱਤਾ ਕਿ ਤੁਸੀਂ ਪਹਿਲਾਂ ਚਲੋ ਅਸੀਂ ਮਗਰੋਂ ਤੁਹਾਨੂੰ ਆ ਮਿਲਾਂਗੇ। ਬਾਦਸ਼ਾਹ ਅਪਣੀ ਫੌਜ ਲੈਕੇ ਟੁਰ ਪਿਆ। ਰਾਹ ਵਿਚ ਰਾਜਿਆਂ ਨੂੰ ਅਪਣੀ ਈਨ ਮਨਾਉਂਦਿਆਂ ਅਤੇ ਨਜ਼ਰਾਨੇ ਲੈਂਦਿਆਂ ਨਾਦੇੜ ਪਹੁੰਚ ਗਿਆ। ਗੁਰੂ ਜੀ ਵੀ ਰਾਹ ਵਿਚ ਬਾਦਸ਼ਾਹ ਨੂੰ ਮਿਲਕੇ ਨਾਦੇੜ ਪਹੁੰਚ ਗਏ। ਬਹਾਦਰ ਸ਼ਾਹ ਤਾਂ ਅਪਣਾ ਕੰਮ ਕਰਕੇ ਦਿੱਲੀ ਚੱਲਾ ਗਿਆ ਪਰ ਗੁਰੂ ਜੀ ਉੱਥੇ ਹੀ ਰਹੇ।

ਨਾਦੇੜ, ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਦੋਵੇਂ ਵੇਲੇ ਕੀਰਤਨ ਹੁੰਦਾ। ਸੰਗਤ ਵੀ ਦਰਸ਼ਨ ਕਰਨ ਵਾਸਤੇ ਆਉਂਦੀ। ਸਹਿਜਧਾਰੀ ਹਿੰਦੂ ਅਤੇ ਕਈ ਮੁਸਲਮਾਨ ਵੀ ਦਰਸ਼ਨ ਕਰਨ ਵਾਸਤੇ ਆਉਂਦੇ। ਮਨ ਖੋਟੇ ਤਨ ਚੋਰ ਦੋ ਪਠਾਨ ਵੀ ਰੋਜ਼ ਆਉਂਦੇ। ਇਕ ਦਿਨ ਸੰਧਿਆ ਸਮੇਂ ਗੁਰੂ ਜੀ ਅਪਣੇ ਤੰਬੂ ਵਿਚ ਇਕੱਲੇ ਹੀ ਬਿਸਰਾਮ ਕਰ ਰਹੇ ਸਨ। ਮੌਕਾ ਤਾੜ ਕੇ ਦੋਵੇਂ ਪਠਾਨ ਅੰਦਰ ਆ ਵੜੇ। ਉਨ੍ਹਾਂ ਵਿਚੋਂ ਇਕ ਪਠਾਨ ਗੁਲ ਖਾਂ ਨੇ ਕਟਾਰ ਨਾਲ ਗੁਰੂ ਜੀ ਤੇ ਵਾਰ ਕਰ ਦਿੱਤਾ। ਗੁਰੂ ਜੀ ਨੇ ਤਤਛਿਨ ਅਪਣੀ ਕਿਰਪਾਨ ਨਾਲ ਉਸ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਡਰਦਾ ਮਾਰਾ ਦੂਜਾ ਪਠਾਨ ਜਮਸ਼ੇਦ ਖਾਂ (ਕਈਆਂ ਥਾਵਾਂ ਤੇ ਇਹ ਨਾਮ ਅਤਾਉੱਲਾ ਖਾਂ ਲਿਖਿਆ ਹੈ) ਨੱਸ ਉਠਿਆ। ਇਕ ਸਿਖ ਨੇ ਉਸ ਨੂੰ ਵੀ ਫੜ ਕੇ ਮਾਰ ਦਿੱਤਾ। ਸਤਿਗੁਰੂ ਜੀ ਨੂੰ ਲਗਾ ਜ਼ਖਮ ਵੇਖ ਕੇ ਸਿਖ ਬੜੇ ਘਬਰਾਏ। ਸਤਿਗੁਰੂ ਜੀ ਨੇ ਸਭ ਨੂੰ ਹੌਂਸਲਾ ਦਿੱਤਾ। ਉਸੇ ਸਮੇਂ ਸਿਆਣੇ ਜ਼ਰਾਹ ਨੂੰ ਸਦ ਕੇ ਜ਼ਖਮ ਸਿਵਾਇਆ ਗਿਆ ਅਤੇ ਮਰਹਮ ਪਟੀ ਕੀਤੀ ਗਈ

ਚੋਜੀ ਗੁਰੂ ਜੀ ਦੀ ਖੇਡ, ਇਕ ਦਿਨ ਗੁਰੂ ਜੀ ਨੇ ਸਿਖਾਂ ਨੂੰ ਹੁਕਮ ਕੀਤਾ ਕਿ ਮੇਰੇ ਲਈ ਚਿਖਾ ਤਿਆਰ ਕਰੋ ਅਤੇ ਉਸ ਦੇ ਚਾਰ ਚੁਫੇਰੇ ਕਨਾਤਾਂ ਲਾ ਦਿਉ ਅਤੇ ਨਾਲ ਹੀ ਘੋੜਿਆਂ ਵਾਲੇ ਸੇਵਕ ਨੂੰ ਹੁਕਮ ਕੀਤਾ ਕਿ ਘੋੜਿਆਂ ਤੇ ਕਾਠੀਆਂ ਪਾ ਦਿਓ।

ਹੁਕਮ ਅਨੁਸਾਰ ਚੰਦਨ ਦੀ ਚਿਖਾ ਤਿਆਰ ਕੀਤੀ ਗਈ, ਚਾਰ ਚੁਫੇਰੇ ਕਨਾਤਾਂ ਲਗਾ ਦਿਤੀਆਂ ਅਤੇ ਘੋੜਿਆਂ ਤੇ ਕਾਠੀਆਂ ਪੈ ਗਈਆਂ। ਅਧੀ ਰਾਤ ਦੇ ਸਮੇਂ, ਗੁਰੂ ਜੀ ਨੇ ਚਿਖਾ ਦੇ ਕੋਲ ਜਾ ਕੇ ਸਿਖਾਂ ਨੂੰ ਹੁਕਮ ਕੀਤਾ ਕਿ ਜਿਸ ਸਮੇਂ ਆਪ ਚਿਖਾ ਉਪਰ ਬੈਠ ਜਾਣ ਤਾਂ ਸਭ ਸਿਖਾਂ ਪ੍ਰਦੱਖਣਾ ਕਰਕੇ, ਚਿਖਾ ਨੂੰ ਲਾਂਬੂ ਲਾਕੇ ਅਤੇ ਨਮਸਕਾਰ ਕਰਕੇ ਤੁਰੰਤ ਹੀ ਬਾਹਰ ਨਿਕਲ ਜਾਣਾ ਅਤੇ ਫਿਰ ਕਿਸੇ ਨੇ ਚਿਖਾ ਵਲ ਨਹੀਂ ਵੇਖਣਾ

ਸ੍ਰੀ ਸਤਿਗੁਰੂ ਜੀ ਨੇ ਇਹ ਵੀ ਹੁਕਮ ਕੀਤਾ ਕਿ ਇਥੇ ਕੋਈ ਸਮਾਧ ਜਾਂ ਕੋਈ ਯਾਦਗਾਰ ਨਹੀਂ ਬਨਾਉਣੀ ਜੋ ਬਣਾਵੇਗਾ ਉਸ ਦੀ ਕੁਲ ਨਾਸ ਹੋ ਜਾਵੇਗੀ

ਗਿਆਨੀ ਗਿਆਨ ਸਿੰਘ ਜੀ
ਇਸ ਤਰ੍ਹਾਂ ਲਿਖਦੇ ਹਨ

**ਦੂਰ ਕਨਾਤੇਂ ਸਭ ਸਿਖ ਕਰੀਓ**
**ਹਮਰੀ ਤਰਫ ਨ ਕੋਊ ਨਿਹਰੀਓ**
**ਹੌਨਓ ਹਮਰਾ ਨਾਹਿ ਅੰਗੀਠਾ**
**ਨਾਹਿ ਸਮਾਧ ਬਨਾਇਓ ਨੀਠਾ**
**ਜੋ ਸਮਾਧ ਹਮਰੀ ਬਨਵੈਹੈਂ**
**ਜਗ ਮਹਿ ਤਿਹ ਸਰਬੰਸ ਨਸੈ ਹੈ**

ਇਸ ਤਰਾਂ ਦਾ ਉਪਦੇਸ਼ ਦੇ ਕੇ ਗੁਰੂ ਜੀ ਸਨੱਧ ਬੱਧ ਹੋ ਕੇ ਚਿਖਾ ਪਰ ਜਾ ਬੈਠੇ ਅਤੇ ਸਭ ਸਿਖਾਂ ਨੂੰ ਰੁਖਸਤ ਹੋਣ ਦੀ ਆਗਜਾ ਦਿੱਤੀ। ਜਦੋਂ ਸਾਰੇ ਸਿਖ ਕਨਾਤੇ ਬਾਹਰ ਨਿਕਲ ਆਏ ਤਾਂ ਉਨ੍ਹਾਂ ਨੂੰ "**ਵਾਹਿਗੁਰੂ ਜੀ ਕੀ ਫਤਹ**" ਦੀ ਅਵਾਜ ਸੁਨਾਈ ਦਿੱਤੀ।

ਭਾਵੇਂ ਇਹ ਸਾਰਾ ਕੌਤਕ ਇਕ ਚਰਿਤ੍ਰ ਹੀ ਸੀ ਪਰ ਇਹ ਸਾਰਾ ਕੌਤਕ ਵੇਖਕੇ ਸਾਰੇ ਸਿਖ ਸ਼ੋਕ ਕਰਨ ਲਗ ਪਏ। ਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰ ਕਰ ਕੇ ਵਿਰਲਾਪ ਕਰਨ ਲਗ ਪਏ। ਇਸੇ ਸ਼ੋਕ ਅਵਸਥਾ ਵਿਚ ਦਿਨ ਚੜ੍ਹ ਗਿਆ ਇੰਨੇ ਨੂੰ ਘੋੜਿਆਂ ਦੇ ਸੇਵਕ ਨੇ ਆਣ ਕੇ ਦਸਿਆ ਕਿ ਕੁਮੈਤ ਘੋੜਾ ਤਬੇਲੇ ਵਿਚ ਨਹੀਂ ਹੈ, ਪਤਾ ਨਹੀਂ ਕਿ ਤਬੇਲੇ ਦੇ ਸਾਰੇ ਦਰਵਾਜੇ ਬੰਦ ਹੁੰਦਿਆ ਘੋੜਾ ਕਉਣ ਲੈ ਗਿਆ ਹੈ। ਇਹ ਸੁਣਕੇ ਸਭ ਸਿਖ ਅਸਚਰਜ ਹੋ ਗਏ ਅਤੇ ਆਖਣ ਲੱਗੇ ਪਤਾ ਨਹੀਂ ਗੁਰੂ ਜੀ ਨੇ ਕੀ ਕੌਤਕ ਵਰਤਾਇਆ ਹੈ ?

ਜਦੋਂ ਦੋ ਘੜੀਆਂ ਦਿਨ ਚੜ੍ਹ ਗਿਆ ਤਾਂ ਗੁਰੂ ਕੇ ਲੰਗਰ ਵਾਸਤੇ ਲਕੜਾਂ ਲਿਆਉਣ ਵਾਲੇ ਸੇਵਾਦਾਰ ਨੇ ਆ ਕੇ ਦਸਿਆ ਕਿ ਮੈਨੂੰ ਬਨ ਵਿਚ ਸਤਿਗੁਰੂ ਜੀ ਦਾ ਦਰਸ਼ਨ ਹੋਇਆ ਹੈ। ਉਨ੍ਹਾਂ ਨੇ ਸੰਗਤ ਨੂੰ ਸੰਦੇਸ਼ ਦਿੱਤਾ ਹੈ ਕਿ ਕੁਮੈਤ ਘੋੜਾ ਅਸੀਂ ਆਪ ਲੈ ਗਏ ਹਾਂ। ਸੋਕ ਅਤੇ ਚਿੰਤਾ ਨਹੀ ਕਰਨੀ। ਭਜਨ ਕਰੋ ਜੋ ਸਾਰਿਆਂ ਦੁਖਾਂ ਦਾ ਦਾਰੂ ਹੈ ਅਤੇ ਜੋ ਅੰਤ ਨੂੰ ਸਹਾਈ ਹੁੰਦਾ ਹੈ

ਖਾਂ ਨੂੰ ਇਸ ਤਰ੍ਹਾਂ ਬੈਠਿਆਂ ਜਦ ਪਹਿਰ ਦਿਨ ਚੜ੍ਹ ਗਿ…
ਤਾਂ ਇਕ ਸਾਧ ਆਇਆ। ਉਸ ਨੇ ਸਿਖਾਂ ਦੀ ਸ਼ੋਕ ਅਵੱਸਥਾ ਵੇਖ ਕੇ ਉਨ੍ਹਾਂ ਕੋਲੋਂ ਸ਼ੋਕ ਦਾ ਕਾਰਨ ਪੁਛਿਆ। ਉੱਤਰ ਵਿਚ ਸਿੰਘਾਂ ਨੇ ਗੁਰੂ ਜੀ ਦੇ ਪਰਲੋਕ ਸਿਧਾਰ ਜਾਣ ਦੀ ਸਾਰੀ ਗਲ ਦੱਸੀ। ਉਸ ਸਾਧ ਨੇ ਕਿਹਾ ਕਿ ਗੁਰੂ ਜੀ ਤਾਂ ਮੈਨੂੰ ਕੁਮੈਤ ਘੋੜੇ ਤੇ ਸਵਾਰ ਰਸਤੇ ਵਿਚ ਮਿਲੇ ਹਨ। ਜਦ ਮੈਂ ਉਨ੍ਹਾਂ ਨੂੰ ਨਮਸਕਾਰ ਕਰ ਕੇ ਇਕਲੇ ਹੀ ਕਿਧਰ ਜਾਣ ਬਾਰੇ ਪੁੱਛਿਆ ਤਾਂ ਆਪ ਜੀ ਨੇ ਫ਼ੁਰਮਾਇਆ ਕਿ ਅਸੀਂ ਸ਼ਿਕਾਰ ਖੇਡਣ ਵਾਸਤੇ ਜੰਗਲ ਵਲ ਜਾ ਰਹੇ ਹਾਂ ਅਤੇ ਮਨ ਦੀ ਭਾਵਨਾ ਅਨੁਸਾਰ ਸੈਰ ਕਰਾਂਗੇ। ਇਸ ਤਰ੍ਹਾਂ ਬਚਨ ਕਰਦੇ ਹੋਏ ਘੋੜੇ ਨੂੰ ਅੱਡੀ ਲਾ ਕੇ ਅਗੇ ਚਲੇ ਗਏ ਅਤੇ ਮੈਂ ਇਧਰ ਆ ਗਿਆ। ਉਸ ਸਾਧ ਨੇ ਕਿਹਾ ਕਿ ਸਿੰਘੋ ਤੁਸੀਂ ਆਪ ਵਿਚਾਰੋ ਕਿ ਜਦ ਮੈਂ ਹੁਣੇ ਹੀ ਰਾਹ ਵਿਚ ਦਰਸ਼ਨ ਕਰਕੇ ਆਇਆ ਹਾਂ ਤਾਂ ਮੈਂ ਕਿਸ ਤਰ੍ਹਾਂ ਮੰਨ ਸਕਦਾ ਹਾਂ ਕਿ ਗੁਰੂ ਜੀ ਪਰਲੋਕ ਸਿਧਾਰ ਗਏ ਹਨ। ਮੈਂ ਕੋਈ ਸੁਪਨਾ ਤਾਂ ਵੇਖਿਆ ਨਹੀਂ, ਪ੍ਰਤੱਖ ਦਰਸ਼ਨ ਕਰਕੇ ਆਇਆ ਹਾਂ

ਇਸੇ ਤਰ੍ਹਾਂ ਸੋਚਾਂ ਅਤੇ ਵਿਚਾਰਾਂ ਵਿਚ ਸਾਰਾ ਦਿਨ ਬੀਤ ਗਿਆ। ਅਗਲੇ ਦਿਨ ਕਨਾਤਾਂ ਖੋਲ੍ਹ ਕੇ ਜਦ ਸਿਖਾਂ ਨੇ ਚਿਖਾ ਭਸਮ ਇਕੱਠੀ ਕੀਤੀ ਤਾਂ ਉਸ ਵਿਚੋਂ ਨ ਕੋਈ ਅਸਥੀ (ਪੁਸ਼ਪ) ਮਿਲੀ ਅਤੇ ਨ ਹੀ ਕੋਈ ਸ਼ਸਤਰ ਮਿਲਿਆ ਸੀ ਜਿਹੜੇ ਕਿ ਆਪ ਜੀ ਧਾਰਨ ਕਰਕੇ ਚਿਖਾ ਪਰ ਬੈਠੇ ਸਨ।

ਲਕੜਾਂ ਲਿਆਉਣ ਵਾਲੇ ਸੇਵਕ ਦੇ ਸੁਨੇਹੇ ਤੋਂ, ਸਾਧ ਦੇ ਹੁਣੇ ਹੀ ਰਾਹ ਵਿਚ ਦਰਸ਼ਨ ਕਰ ਕੇ ਆਉਣ ਤੇ, ਚਿਖਾ ਭਸਮ ਵਿਚੋਂ ਕਿਸੇ ਵੀ ਅਸਥੀ ਅਤੇ ਕਿਸੇ ਵੀ ਸ਼ਸਤਰ ਦੇ ਨ ਮਿਲਣ ਤੋਂ ਅਤੇ ਕੁਮੈਤ ਘੋੜੇ ਦਾ ਅਸਤਬਲ ਵਿਚ ਨ ਹੋਣ ਤੋਂ ਸਿਖਾਂ ਨੇ ਇਹ ਨਿਸਚਾ ਕਰ ਲਿਆ ਕਿ ਗੁਰੂ ਸਾਹਿਬ ਜੀ ਨੇ ਸਰੀਰ ਨਹੀਂ ਛਡਿਆ ਸਗੋਂ ਇਕ ਚਰਿਤ੍ਰ ਕਰਕੇ ਰਾਤ ਦੇ ਹਨੇਰੇ ਵਿਚ, ਸਿਖਾਂ ਤੋਂ ਅਖ ਬਚਾ ਕੇ, ਕਨਾਤ ਦੇ ਪਿਛਲੇ ਪਾਸਿਉਂ ਨਿਕਲ ਕੇ ਕਿਤਲੇ ਚਲੇ ਗਏ ਹਨ ਅਤੇ ਅਸਤਬਲ ਵਿਚੋਂ ਕੁਮੈਤ ਘੋੜਾ ਵੀ ਲੈ ਗਏ ਹਨ

ਸਿਖ ਤਾਂ ਜਾਣਦੇ ਸਨ ਕਿ ਗੁਰੂ ਸਾਹਿਬ ਜੀ ਸਰਬ ਸ਼ਕਤੀਮਾਨ ਹਨ ਜਿਸ ਤਰ੍ਹਾਂ ਚਾਹੁਣ ਕਰ ਸਕਦੇ ਹਨ। ਉਨ੍ਹਾਂ ਵਾਸਤੇ ਅਛੋਪਲੇ ਕਿਤਲੇ ਚਲੇ ਜਾਣਾ ਕੋਈ ਵਡੀ ਗਲ ਨਹੀਂ। ਸਿਖ ਇਹ ਵੀ ਜਾਣਦੇ ਸਨ ਕਿ ਗੁਰੂ ਜੀ ਹਰ ਤਰਾਂ ਸਮਰਥ ਹੁੰਦਿਆਂ ਹੋਇਆਂ ਇਕ ਬੁਜ਼ਦਿਲਾਂ ਵਾਲਾ ਕੰਮ ਆਤਮ ਘਾਤ ਕਰ ਕੇ **ਜਗਤ ਕਸਾਈ** ਨਹੀਂ ਸਨ ਬਣ ਸਕਦੇ। ਸਿਖਾਂ ਨੂੰ ਇਹ ਵੀ ਪਤਾ ਸੀ ਕਿ ਜਿਹੜੇ ਗੁਰੂ ਸਾਹਿਬ ਜੀ ਅਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ, ਅਪਣੇ ਚਾਰੇ ਸਾਹਿਬਜ਼ਾਦਿਆਂ ਦੇ ਅਤੇ ਅਪਣੇ ਅਗਣਿਤ ਲਾਡਲੇ ਸਿਖਾਂ ਦੇ ਸ਼ਹੀਦ ਹੋ ਜਾਣ ਤੇ ਵੀ ਘਬਰਾਏ ਨਹੀਂ ਸਨ ਉਹ ਗੁਰੂ ਸਾਹਿਬ ਜੀ ਕਿਵੇਂ ਇਕ ਜ਼ਖਮ ਤੋਂ ਘਬਰਾ ਸਕਦੇ ਸਨ?

Sri Satguru Jagjit Singh Ji Elibrary NamdhariElibrary@gmail.com

ਪਿਛੇ ਲਿਖਿਆ ਗਿਆ ਹੈ ਕਿ ਦੋ ਪਠਾਣਾਂ ਨੇ ਇਕਾਂਤ ਵਿਚ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਕੋਝਾ ਯਤਨ ਕੀਤਾ ਸੀ। ਕਈ ਇਤਿਹਾਸ ਕਾਰ ਲਿਖਦੇ ਹਨ ਕਿ ਬਹਾਦਰ ਸ਼ਾਹ ਨੂੰ ਪਤਾ ਲਗ ਗਿਆ ਸੀ ਕਿ ਪੰਜਾਬ ਵਿਚ ਮੁਗਲ ਰਾਜ ਨੂੰ ਨਸ਼ਟ ਕਰਨ ਵਾਲੇ ਬੰਦੇ ਬਹਾਦਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਹੀ ਭੇਜਿਆ ਹੈ। ਉਹ ਇਹ ਵੀ ਜਾਣਦਾ ਸੀ ਕਿ ਲੜਾਈ ਕਰਕੇ ਦੁਨੀਆਂ ਦੀ ਕੋਈ ਤਾਕਤ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੱਤ ਨਹੀਂ ਸਕਦੀ। ਉਹ ਉਤੋਂ ਭਾਵੇਂ ਗੁਰੂ ਜੀ ਦਾ ਖੈਰ ਖਾਹ ਜਾਪਦਾ ਸੀ ਪਰ ਮਨੋ ਅਪਣੇ ਮਤਲਬ ਦਾ ਪੱਕਾ ਸੀ। ਸ਼ਾਇਦ ਉਸਨੇ ਗੁਪਤ ਰੀਤੀ ਨਾਲ ਪਠਾਨਾਂ ਕੋਲੋਂ ਇਹ ਵਾਰਦਾਤ ਕਰਾਈ ਹੋਵੇ। ਕਈ ਇਤਿਹਾਸ ਕਾਰ ਇਹ ਲਿਖਦੇ ਹਨ ਕਿ ਸ੍ਰੀ ਗੁਰੂ ਜੀ ਅਤੇ ਬਹਾਦਰ ਸ਼ਾਹ ਦੇ ਮੇਲ ਨਾਲ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਾਲੇ ਨਿਰਦਈ ਸੂਬੇ ਸਰਹੰਦ ਨੂੰ ਅਪਣੀ ਜਾਨ ਦਾ ਖਤਰਾ ਪੈ ਗਿਆ ਸੀ। ਸ਼ਾਇਦ ਉਸਨੇ ਲਾਲਚ ਦੇ ਕੇ ਪਠਾਨਾਂ ਨੂੰ ਸਤਿਗੁਰੂ ਜੀ ਦੇ ਸ਼ਹੀਦ ਕਰਨ ਵਾਸਤੇ ਨੀਯਤ ਕੀਤਾ ਹੋਵੇ। ਕਾਰਨ ਭਾਵੇਂ ਕੁਝ ਵੀ ਹੋਵੇ ਪਰ ਇਹ ਤਾਂ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਦੇ ਵਧਦੇ ਪ੍ਰਤਾਪ ਨੂੰ ਵੇਖ ਕੇ ਤੁਰਕ ਸਹਾਰ ਨਹੀਂ ਸਨ ਸਕਦੇ।

"**ਅੰਤਰ ਜਾਮੀ ਸੋ ਪ੍ਰਭੁ ਪੂਰਾ**" ਅਨੁਸਾਰ ਸਤਿਗੁਰੂ ਜੀ ਤਾਂ ਅੰਤਰ ਜਾਮੀ ਸਨ ਉਹ ਤੁਰਕਾਂ ਦੀ "ਕੂਟਨੀ" ਨੀਤੀ ਨੂੰ ਜਾਣਦੇ ਸਨ। ਉਹ ਚਾਹੁੰਦੇ ਤਾਂ ਇਕ ਛਿਨ ਵਿਚ ਹੀ ਤੁਰਕ ਰਾਜ ਨਸ਼ਟ ਕਰ ਦਿੰਦੇ ਪਰ ਮਰਯਾਦਾ ਪੁਰਸ਼ੋਤਮ ਸਤਿਗੁਰੂ ਜੀ ਨੇ ਐਸਾ ਨ ਕੀਤਾ। ਜਿਵੇਂ ਜੰਗਾਂ ਜੁੱਧਾਂ ਵਿਚ ਪੈਂਤੜੇ ਬਦਲੇ ਜਾਂਦੇ ਹਨ ਤਿਵੇਂ ਗੁਰੂ ਜੀ ਨੇ ਵੀ ਪੈਂਤੜਾ ਬਦਲ ਲਿਆ। ਉਨ੍ਹਾਂ ਇਕ ਐਸੀ ਰਾਜਨੀਤਕ ਚਾਲ ਖੇਡੀ ਕਿ ਸਾਰੀ ਦੁਨੀਆਂ ਚਕ੍ਰਿਤ ਹੋ ਗਈ। ਉਹ ਚਾਲ ਇਹ ਸੀ ਕਿ ਇਕ ਪਾਸੇ ਤੁਰਕਾਂ ਨੂੰ ਇਹ ਨਿਸਚਾ ਹੋ ਜਾਏ ਕਿ ਗੁਰੂ ਜੀ ਸ਼ਹੀਦ ਹੋ ਗਏ ਹਨ ਤਾਂ ਜੋ ਤੁਰਕ ਅਵੇਸਲੇ ਹੋ ਜਾਣ ਅਤੇ ਸਤਿਗੁਰੂ ਜੀ ਦਾ ਪਿਛਾ ਕਰਨਾ ਛੱਡ ਦੇਣ ਅਤੇ ਦੂਜੇ ਪਾਸੇ ਗੁਪਤ ਰਹਿ ਕੇ ਤੁਰਕਾਂ ਦੇ ਰਾਜ ਨੂੰ ਖਤਮ ਕਰਨ ਵਾਸਤੇ ਸਿੰਘਾਂ ਦੀ ਸਹਾਇਤਾ ਕਰਦੇ ਰਹਿਣ। ਇਸੇ ਚਾਲ ਅਨੁਸਾਰ ਹੀ ਚਿਖਾ ਦਾ ਸਾਂਗ ਵਰਤਾਇਆ ਸੀ। ਸਿਖਾਂ ਰਾਹੀਂ ਤੁਰਕਾਂ ਨੂੰ ਇਹ ਨਿਸਚਾ ਹੋ ਗਿਆ ਸੀ ਕਿ ਗੁਰੂ ਜੀ ਸਣ ਦੇਹੀ ਸਚਖੰਡ ਪਧਾਰ ਗਏ ਹਨ

ਹੁਣ ਸਵਾਲ ਉਠਦਾ ਹੈ ਕਿ ਜੇ ਸਤਿਗੁਰੂ ਜੀ ਉਥੇ ਜੋਤੀ ਜੋਤ ਨਹੀਂ ਸਨ ਸਮਾਏ ਤਾਂ ਗਏ ਕਿਥੇ ?

ਉੱਤਰ ਵਿਚ ਅਰਜ਼ ਹੈ ਕਿ ਜੇ ਸਤਿਗੁਰੂ ਜੀ ਦੀ ਅਪਣੀ ਮਰਜ਼ੀ ਹੀ ਗੁਪਤ ਵਿਚਰਨ ਦੀ ਹੋਵੇ ਤਾਂ ਕੋਲ ਬੈਠਿਆਂ ਵੀ ਸਿਖਾਂ ਨੂੰ ਵਿਖਾਈ ਨਹੀਂ ਸਨ ਦੇ ਸਕਦੇ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੰਗਲ ਵਿਚ ਸਾਮ੍ਹਣੇ ਬੈਠਿਆਂ ਹੋਇਆਂ ਵੀ ਦੇਵ ਲੂਤ ਦੇ ਬੱਚਿਆਂ ਨੂੰ ਵਿਖਾਈ ਨਹੀਂ ਸਨ ਦਿੰਦੇ

ਸਤਿਗੁਰ ਜੀ ਤਾਂ ਸਬ ਸ਼ਕਤੀਮਾਨ ਸਨ, ਉਨ੍ਹਾਂ ਵਾਸਤੇ ਅਛੋਪਲੇ ਕਿਤੇ ਜਾਣਾ ਕੋਈ ਵਡੀ ਗਲ ਨਹੀਂ ਸੀ। ਪਰ ਸੱਚੇ ਗੁਰੂ ਜੀ ਹਮੇਸ਼ਾ ਗੁਪਤ ਵੀ ਨਹੀਂ ਰਹਿ ਸਕਦੇ, ਉਨ੍ਹਾਂ ਲੋਕਾਂ ਦਾ ਭਲ [illegible] ਹੁੰਦਾ ਹੈ। ਉਨ੍ਹਾਂ ਦੇ ਪਰਗਟ ਹੋਣ ਵਾਸਤੇ ਕੋਈ ਨਾ ਕੋਈ ਬਿਧ ਬਣ ਜਾਂਦੀ ਹੈ।

ਸਤਿਗੁਰੂ ਜੀ ਬੜਾ ਚਿਰ ਗੁਪਤ ਵਿਚਰਦੇ ਰਹੇ। ਗੁਪਤ ਭੇਸ ਵਿਚ ਹੀ ਸਿਖਾਂ ਦੀ ਸਹਾਇਤਾ ਕਰਦੇ ਰਹੇ ਪਰ ਜਦੋਂ ਰਜ਼ਾ ਹੋਈ ਤਾਂ ਬਾਬਾ ਸਰੂਪ ਸਿੰਘ ਜੀ ਦਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਪਤ ਭੇਸ ਸ੍ਰੀ ਬਾਬਾ ਅਜਾਪਾਲ ਸਿੰਘ ਜੀ ਦੇ ਸੇਵਕ ਬਨਣ ਵਾਲੀ ਬਿਧ ਬਣ ਗਈ ਜੋ ਸੰਖੇਪ ਵਿਚ ਇਸ ਤਰ੍ਹਾਂ ਹੈ।

ਸਿੰਘ ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭੇ ਵਾਲੇ ਦੇ ਪੜਦਾਦੇ ਬਾਬਾ ਸਰੂਪ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਪਤ ਭੇਸ **ਬਾਬਾ ਅਜਾਪਾਲ ਸਿੰਘ ਜੀ** ਦੀ ਸੇਵਾ ਕਰਦੇ ਰਹੇ ਸਨ। ਬਾਬਾ ਸਰੂਪ ਸਿੰਘ ਜੀ ਨੇ ਬਾਬਾ ਅਜਾਪਾਲ ਸਿੰਘ ਜੀ ਦੇ ਅਖੀਂ ਡਿਠੇ ਚਮਤਕਾਰ ਆਪਣੇ ਪੋਤੇ ਬਾਬਾ ਨਾਰਾਇਣ ਸਿੰਘ ਜੀ ਨੂੰ ਸੁਣਾਏ ਸਨ। ਬਾਬਾ ਨਾਰਾਇਣ ਸਿੰਘ ਜੀ ਕੋਲੋਂ ਸੁਣ ਕੇ ਉਨ੍ਹਾਂ ਦੇ ਸਪੁੱਤ੍ਰ ਬਾਬਾ ਬਿਸ਼ਨ ਸਿੰਘ ਜੀ ਨੇ ਇਕ ਪੁਸਤਕ ਲਿੱਖੀ ਸੀ। ਉਸ ਪੁਸਤਕ ਵਿਚ ਲਿੱਖਿਆ ਹੈ ਕਿ ਬਾਬਾ ਸਰੂਪ ਸਿੰਘ ਜੀ ਬਾਬਾ ਅਜਾਪਾਲ ਸਿੰਘ ਜੀ ਦੇ ਪਲੰਘ ਕੋਲ ਬੈਠ ਕੇ ਦੇਖਣ ਲਗੇ -- ਵੱਖੀ ਪਰ ਬੜਾ ਭਾਰੀ ਘਾਉ ਵੇਖਿਆ, ਬੜੇ ਸ਼ਸਤਰ ਦਾ ਘਾਉ ਲਗਿਆ ਵਾ, ਜ਼ਖਮ ਮਿਲਿਆ ਵਾ। ਘਾਉ ਨੂੰ ਦੇਖ ਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਜੀ ਇਹ ਘਾਉ ਕਿਥੇ ਲਗਿਆ ਹੈ। ਸੁਣ ਕੇ ਬਾਬਾ ਜੀ ਨੇ ਫੁਰਮਾਇਆ, ਇਹ ਓਹੀ ਘਾਉ ਹੈ ਜੋ ਦੱਖਣ ਮੈਂ ਪਠਾਣ ਨੇ ਮਾਰਿਆ ਸੀ। ਇਹ ਸੁਣ ਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਨ ਨਿਸਚਾ ਹੋ ਗਿਆ, ਕਿ

## ਕਲਗੀਧਰ ਦਸਵੇਂ ਪਾਤਸ਼ਾਹ ਪੰਥ ਦੇ ਵਾਲੀ ਹਨ

ਫਿਰ ਕਦੇ ਮਨ ਨਹੀਂ ਡੋਲਿਆ

ਇਸੇ ਲਿਖਤ ਦੇ ਅਧਾਰ ਤੇ ਬਾਬਾ ਬਿਸ਼ਨ ਸਿੰਘ ਜੀ ਦੇ ਵਡੇ ਭਰਾ ਭਾਈ ਕਾਨ੍ਹ ਸਿੰਘ ਜੀ ਨੇ ਮਾਸਕ ਫੁਲਵਾੜੀ ਸੰਮਤ ੧੯੮੩-੮੪ ਵਿਚ ਸਪਸ਼ਟ ਲਿਖਿਆ ਸੀ

## 'ਬਾਬਾ ਅਜਾਪਾਲ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ ਕਿਉਂਕਿ ਪ੍ਰਤੱਖ ਰੂਪ ਵਿਚ ਸਾਹਿਬ ਸ੍ਰੀ ਕਲਗੀਧਰ ਜੀ ਹਜ਼ੂਰ ਸਾਹਿਬ ਵਿਖੇ ਜੋਤੀ ਜੋਤ ਨਹੀਂ ਸਮਾਏ ਸਨ

Sri Satguru Jagjit Singh Ji Elibrary NamdhariElibrary@gmail.com

ਭਾਈ ਸਾਹਿਬ ਕਾਨ੍ਹ ਸਿੰਘ ਜੀ ਦੀ ਲਿਖਤ ਅਨੁਸਾਰ ਗੁਰੂ ਸਾਹਿਬ ਜੀ ਨੇ, ਬਾਬਾ ਅਜਪਾਲ ਸਿੰਘ ਜੀ ਦੇ ਰੂਪ ਵਿਚ ਭਾਦਰੋ, ਜੀਂਦ ਪਟਿਆਲੇ ਕੁਝ ਕੁਝ ਸਮਾਂ ਰਹਿਕੇ ਅਖੀਰ ਨਾਭੇ ਦੀ ਝਿੜੀ ਵਿਚ ਜਾ ਡੇਰਾ ਲਾਇਆ। ਇਥੋਂ ਆਪ ਜੀ ਬੰਦਾ ਬਹਾਦਰ ਵਾਲੀ ਲੜਾਈਆਂ ਵਿਚ ਸਿਖਾਂ ਨੂੰ ਮੁਗਲਾਂ ਦੇ ਵਿਰੁਧ ਗੁਪਤ ਮਸਵਰੇ ਭੇਜਦੇ ਰਹੇ ਅਤੇ ਮੁਨਾਸਬ ਸਹਾਇਤਾ ਕਰਦੇ ਰਹੇ

ਮੁਨਾਸਬ ਸਮਾਂ ਵੀਚਾਰ ਕੇ ਆਪ ਜੀ ਨੇ ਪੰਜਾਬ ਤੋਂ ਬਹੁਤ ਦੂਰ, ਹਰੋ ਨਦੀ ਦੇ ਕਿਨਾਰੇ ਸਮਾਧੀ ਇਸਥਿਤ, ਇਕ ਪੂਰਨ ਗੁਰਸਿਖ ਬਾਬਾ ਬਾਲਕ ਸਿੰਘ ਜੀ ਨੂੰ ਦਰਸਨ ਦਿੱਤੇ। ਜਦੋਂ ਸਤਿਗੁਰੂ ਜੀ, ਸਮਾਧੀ ਇਸਥਿਤ ਬਾਬਾ ਜੀ ਦੇ ਸਾਮ੍ਹਣੇ ਹੋਏ ਤਾਂ ਬਾਬਾ ਜੀ ਦੀ ਸਮਾਧੀ ਝਟ ਖੁਲ ਗਈ। ਜਦੋ ਬਾਬਾ ਜੀ ਦੇ ਨੇਤ੍ਰ ਖੁਲੇ ਤਾਂ ਕੀ ਵੇਖਦੇ ਹਨ ਕਿ ਸਾਮ੍ਹਣੇ ਕਰੋੜਾਂ ਚੰਦ੍ਰਮਾਂ ਨੂੰ ਮਾਤ ਕਰ ਦੇਣ ਵਾਲੀ, ਕੰਜਲਕ ਨੈਣ, ਕਬੂਰ ਗ੍ਰੀਵ ਅਤੇ ਕਟ ਕੇਹਰ ਵਾਲੀ ਵਿਅਕਤੀ ਘੋੜੇ ਤੇ ਸਵਾਰ ਹੈ। ਬਾਬਾ ਜੀ ਨੇ ਜਾਣਿਆ ਕਿ ਭਗਵਾਨ ਮੈਨੂੰ ਦਰਸਨ ਦੇਣ ਵਾਸਤੇ ਆਏ ਹਨ। ਬੜੇ ਗਦਗਦ ਹੋਏ, ਝਟ ਉਨਕੇ ਘੋੜ ਸਵਾਰ ਭਗਵਾਨ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਘੋੜੇ ਦੀ ਵਾਗ ਫੜ ਲਈ। ਭਗਤ ਵਛਲ ਸਤਿਗੁਰੂ ਜੀ ਘੋੜੇ ਤੋਂ ਉਤਰ ਕੇ ਬਾਬਾ ਜੀ ਵਲੋਂ ਵਿਛਾਏ ਗਏ ਆਸਣ ਤੇ ਬਿਰਾਜਮਾਨ ਹੋ ਗਏ। ਬਚਨ ਬਿਲਾਸ ਕਰਦਿਆਂ ਅਤੇ ਬਾਬੇ ਜੀ ਦੇ ਸ਼ੰਕੇ ਨਵਿਰਤ ਕਰਦਿਆਂ ਸਤਿਗੁਰੂ ਜੀ ਨੇ ਕਹਿਆ ਕਿ

**ਮੈਂ ਉਹ ਹੀ ਹਾਂ ਜਿਸ ਨੂੰ ਲੋਕੀਂ ਗੁਰੂ ਗੋਬਿੰਦ ਸਿੰਘ ਆਖਦੇ ਹਨ ਅਤੇ ਜਿਸ ਨੇ ਨਦੇੜ ਵਿਚ ਚਿਖਾ ਵਾਲਾ ਕੌਤਕ ਰਚਾਇਆ ਸੀ**

ਥੋੜਾ ਚਿਰ ਬਚਨ ਬਿਲਾਸ ਕਰਨ ਉਪ੍ਰੰਤ ਸਤਿਗੁਰੂ ਜੀ ਨੇ ਬਾਬਾ ਜੀ ਨੂੰ ਭਜਨ ਦੀ ਦਾਤ ਬਖਸ਼ੀ ਅਤੇ ਫਿਰ ਗੁਰੂ ਜੀ ਨੇ ਬਾਬੇ ਜੀ ਅਗੇ ਪੰਜ ਪੈਸੇ ਅਤੇ ਇਕ ਨਾਰੀਅਲ ਰਖਕੇ ਮਥਾ ਟੇਕਕੇ ਗੁਰਿਆਈ ਸੌਂਪ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਬੇ ਬੁਢਾ ਜੀ ਨਾਲ ਉਸਨੂੰ ਸਤਵੇਂ ਥਾਂ ਗੁਰੂ ਬਣਾਣ ਦਾ ਬਚਨ ਪੂਰਾ ਕੀਤਾ। ਗੁਰ ਗੱਦੀ ਸੌਂਪਣ ਦੇ ਨਾਲ ਹੀ ਆਪ ਜੀ ਨੇ ਬਚਨ ਕੀਤਾ ਕਿ ਗੁਰਿਆਈ ਮੇਰੀ ਅਮਾਨਤ ਹੈ। ਮੈਂ ਆਪੇ ਹੀ ਆਪ ਜੀ ਪਾਸ ਪਰਤ ਕੇ ਲੈ ਜਾਵਾਂਗਾ। ਉਦੋਂ ਮੇਰਾ ਨਾਮ **ਰਾਮ ਸਿੰਘ** ਹੋਵੇਗਾ

Sri Satguru Jagjit Singh Ji Elibrary NamdhariElibrary@gmail.com

ਸੈ ਪੈ ਗੁਰ ਦਸਮ ਦਰਸ ਦੈ
ਜੋ ਕਹਯੋ ਤਾਂਹਿ
ਮੇਰੋ ਅਵਤਾਰ-ਅੰਸ
ਰਾਮਸਿੰਘ ਹ੍ਵੈ ਭਰੇ



ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਇਤਿਹਾਸ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨੂੰ ਗਿਆਰਵੇਂ ਜਾਮੇ ਬਾਰੇ ਕਿਹਾ ਸੀ

## "ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਗਿਆਰਵੇਂ ਗੁਰੂ ਜੀ ਨੇ ਗੁਪਤ ਹੀ ਰਹਿਣਾ ਸੀ। ਗੁਪਤ ਰਹਿਣ ਵਾਸਤੇ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਗੱਦੀ ਵੀ ਗੁਪਤ ਮਿਲਦੀ ਗੱਦੀ ਗੁਪਤ ਤਾਂ ਹੀ ਮਿਲ ਸਕਦੀ ਸੀ ਜੇ ਗੱਦੀ ਦੇਣ ਵਾਲੇ ਅਰਥਾਤ ਸ੍ਰੀ ਗੋਬਿੰਦ ਸਿੰਘ ਜੀ ਆਪ ਵੀ ਗੁਪਤ ਬਖਸ਼ਸ਼ ਕਰਦੇ ਜੋ ਹੋਇਆ ਵੀ ਬਿਲਕੁਲ ਇਸੇ ਤਰ੍ਹਾਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਗੁਪਤ ਵਿਚਰਦੇ ਹੋਏ ਗੁਪਤ ਥਾਂ ਤੇ ਜਾ ਕੇ ਬਾਬਾ ਬਾਲਕ ਸਿੰਘ ਜੀ ਨੂੰ ਗੁਰ ਗੱਦੀ ਸੌਂਪੀ

ਗੁਰੂ ਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਸੌਂਪ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਪਸ ਨਾਦੇ ਚਲੇ ਗਏ। ਕਈ ਕੌਤਕ ਵਰਤਾਂਦੇ ਹੋਏ ਸੰਮਤ ੧੮੬੬ ਦੀ ਜੇਠ ਸੁਦੀ ਪੰਜਵੀਂ ਨੂੰ ਆਪ ਜੀ ਜੋਤੀ ਜੋਤ ਸਮਾ ਗਏ

ਉਪਰਲਿਖੇ ਹੋਏ "ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ" ਅਨੁਸਾਰ ਸ੍ਰੀ ਗੁਰੂ ਬਾਲਕ ਸਿੰਘ ਜੀ ਬਹੁਤਾ ਗੁਪਤ ਹੀ ਰਹੇ ਸਨ ਪਰ ਗੁਪਤ ਰਹਿਣ ਦਾ ਭਾਵ ਇਹ ਨਹੀਂ ਕਿ ਉਹ ਗੁਰੂ ਨਹੀਂ ਹੋਏ, ਭਾਵ ਇਹ ਹੈ

## ਗੋਇ ਰਾਖੀ ਘਟ ਦੀਪ ਜਿਨ ਨਿਜ ਅਜਮਤ

ਜਿਸ ਤਰ੍ਹਾਂ ਇਕ ਜਗਦਾ ਦੀਵਾ ਕਿਸੇ ਘੜੇ ਵਿਚ ਰੱਖਿਆ ਜਾਵੇ, ਉਹ ਦੂਰੋਂ ਵਿਖਾਈ ਨਹੀਂ ਦਿੰਦਾ ਪਰ ਜਦੋਂ ਘੜੇ ਦੇ ਨੇੜੇ ਹੋ ਕੇ ਵੇਖੀਏ ਤਾਂ ਦਿਸ ਪੈਂਦਾ ਹੈ ਇਸੇ ਤਰ੍ਹਾਂ ਸ੍ਰੀ ਗੁਰੂ ਬਾਲਕ ਸਿੰਘ ਜੀ ਭਾਵੇਂ ਬਹੁਤਾ ਪਰਗਟ ਨਹੀਂ ਸਨ ਹੋਏ ਪਰ ਹੈਨ ਉਹ ਗੁਰੂ ਹੀ ਸਨ। ਉਹ ਤਾਂ

## ਨਾਮ ਸਿੰਘ ਬਾਲਕ, ਪੈ ਪਾਲਕ ਪੈਗੰਬਰੋਂ ਕੇ,
## ਅੰਬਰੋਂ ਕੇ ਮਾਲਕ, ਅਡੰਬਰੋਂ ਕੇ ਤਜਾਗੀ ਹੈਂ,

ਭਾਵ ਸ੍ਰੀ ਗੁਰ ਬਾਲਕ ਸਿੰਘ ਜੀ ਖੁਦ ਪੈਗੰਬਰਾਂ (ਅਵਤਾਰਾਂ) ਦੇ ਪਾਲਕ ਅਤੇ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਸਨ (ਹਨ)

ਗਲਤੀਆਂ ਦੀ ਖਿਮਾ ਦਾ
ਜਾਚਕ
ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਪਾਤਸ਼ਾਹੀ ਯਾਰਵੀਂ



## ਗੁਪਤ ਗਿਆਰਵਾਂ ਖਲਸੀ ਕੋਇਕ ਪਾਵੈ ਪਾਰ

ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਕੌਤਕ ਰਚਿਆ ਜਿਸ ਅਨੁਸਾਰ ਸ੍ਰੀ
ਗੁਰੂ ਬਾਲਕ ਸਿੰਘ ਜੀ ਬਹੁਤਾ ਗੁਪਤ ਹੀ ਰਹੇ ਪਰ **ਚੜ੍ਹਿਆ ਚੰਨ ਛੁਪਦਾ ਨਹੀਂ**
ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ
ਹੋਇਆਂ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਗੁਰ ਗਦੀ ਸੰਭਾਲਦਿਆਂ ਗੁਰਸਿਖੀ
ਦਾ ਪਰਚਾਰ ਸ਼ੁਰੂ ਕੀਤਾ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਫੱਗਣ ਦੀ ਪੂਰਨ ਮਾਸੀ ਸੰਮਤ ੧੮੪੧ (AD 1785) ਨੂੰ ਬਾਬਾ ਦਿਆਲ ਸਿੰਘ ਜੀ ਅਤੇ ਮਾਤਾ ਭਾਗਭਰੀ ਜੀ ਘਰ ਪਿੰਡ ਸਰਵਾਲਾ ਜ਼ਿਲਾ ਅਟਕ (Now in Pakistan) ਵਿਚ ਹੋਇਆ। ਜੋਤਸ਼ੀ ਨੇ ਜੋਤਸ਼ ਅਨੁਸਾਰ ਬਾਬਾ ਜੀ ਨੂੰ ਦਸਿਆ ਕਿ ਤੁਹਾਡਾ ਇਹ ਪੁਤਰ ਕੋਈ ਸਧਾਰਨ ਮਨੁਖ ਨਹੀ ਹੈ ਇਹ ਕੋਈ ਅਵਤਾਰ ਹੈ। ਇਹ ਆਪ ਵੀ ਪ੍ਰਮੇਸਰ ਦਾ ਨਾਮ ਜਪੇਗਾ ਅਤੇ ਹੋਰਨਾਂ ਨੂੰ ਵੀ ਜਪਾਵੇਗਾ। ਬਾਬਾ ਜੀ ਅਪਣੇ ਪੁਤਰ ਦੀ ਸਿਫਤ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਅਪਣੇ ਆਪ ਨੂੰ ਭਾਗਾਂ ਵਾਲੇ ਸਮਝਨ ਲਗੇ ਮਾਤਾ ਜੀ ਤਾਂ ਅਗੇ ਹੀ ਭਾਗ ਭਰੇ ਸਨ

ਗੁਰੂ ਸਾਹਿਬ ਜੀ ਬਾਲ ਅਵਸਥਾ ਵਿਚ ਜਦੋਂ ਸਾਥੀਆਂ ਨਾਲ ਖੇਡਨ ਜਾਂਦੇ ਤਾਂ ਘਰੋਂ ਕੋਈ ਨ ਕੋਈ ਛਕਣ ਵਾਲਾ ਪਦਾਰਥ ਲੈ ਜਾਂਦੇ। ਉਹ ਪਦਾਰਥ ਸਾਥੀਆਂ ਨੂੰ ਵੰਡ ਦਿੰਦੇ। ਆਪ ਵੀ ਭਜਨ ਕਰਦੇ ਅਤੇ ਸਾਥੀਆਂ ਨੂੰ ਵੀ ਭਜਨ ਕਰਨ ਦੀ ਪ੍ਰੇਰਨਾ ਦਿੰਦੇ। ਜਦੋਂ ਆਪ ਚੌਂਕੜਾ ਮਾਰ ਕੇ ਭਜਨ ਕਰਨ ਵਾਸਤੇ ਬਹਿੰਦੇ ਤਾਂ ਕਿੰਨਾ ਕਿੰਨਾ ਹੀ ਚਿਰ ਬੈਠ ਰਹਿੰਦੇ। ਭਾਵੇਂ ਆਪ ਭਜਨ ਕਰਦੇ ਸਨ ਪਰ ਅਜੇ ਤਕ ਕਿਸੇ ਗੁਰੂ ਆਤਮਾ ਨਾਲ ਸੁਮੇਲ ਨਹੀਂ ਸੀ ਹੋਇਆ। ਇਹ ਘਾਟ ਆਪ ਜੀ ਨੂੰ ਹਮੇਸ਼ਾ ਰੜਕਦੀ ਰਹਿੰਦੀ। ਕਈ ਕੌਤਕ ਕਰਦੇ ਆਪ ਜਵਾਨ ਹੋਏ

ਇਕ ਦਿਨ ਆਪ ਸਰਵਾਲੇ ਤੋਂ ਛੋਟੀ ਸ਼ਹਿਰ ਅਪਣੇ ਪਿਤਾ ਜੀ ਦੀ ਦੁਕਾਨ ਵਲ ਜਾ ਰਹੇ ਸਨ। ਰਾਹ ਵਿਚ ਹਰੋ ਨਦੀ ਦੇ ਕਿਨਾਰੇ ਬਹਿ ਕੇ ਭਜਨ ਕਰਨ ਲਗ ਪਏ। ਝਟ ਸਮਾਧੀ ਲਗ ਗਈ। ਹਾਲੀ ਥੋੜਾ ਹੀ ਚਿਰ ਹੋਇਆ ਸੀ ਕਿ ਸਮਾਧੀ ਖੁਲ ਗਈ ਕੀ ਵੇਖਦੇ ਹਨ ਕਿ ਸਾਮਣੇ ਇਕ ਘੋੜੇ ਤੇ ਸਵਾਰ ਕਰੋੜਾਂ ਚੰਦ੍ਰਮਾਂ ਨੂੰ ਮਾਤ ਕਰ ਦੇਣ ਵਾਲੀ, ਕੰਜਲਕ ਨੈਣ ਵਾਲੀ ਵਿਅਕਤੀ ਹੈ। ਆਪ ਅਕਸਰ ਅਪਣੇ ਪਿਤਾ ਜੀ ਕੋਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ ਸੁਣਿਆ ਕਰਦੇ ਸਨ, ਆਪ ਜੀ ਨੂੰ ਭਾਸਿਆ ਸ਼ਾਇਦ ਇਹ ਗੁਰੂ ਗੋਬਿੰਦ ਸਿੰਘ ਜੀ ਹੀ ਨ ਹੋਣ, ਝਟ ਉਠੇ, ਚਰਨਾਂ ਤੇ ਨਮਸਕਾਰ ਕੀਤੀ ਅਤੇ ਘੋੜੇ ਦੀ ਵਾਂਗ ਫੜ ਲਈ। ਉਹ ਵਿਅਕਤੀ ਘੋੜੇ ਤੋਂ ਉਤਰ ਕੇ ਆਸਣ ਤੇ ਬਿਰਾਜਮਾਨ ਹੋ ਗਈ। ਬਾਬੇ ਬਾਲਕ ਸਿੰਘ ਜੀ ਦੇ ਸਾਰੇ ਸ਼ੰਕੇ ਨਵਿਰਤ ਕਰਦਿਆਂ ਉਸ ਵਿਅਕਤੀ ਨੇ ਕਹਿਆ ਮੈਂ ਉਹ ਹੀ ਹਾਂ ਜਿਸ ਨੂੰ ਲੋਕੀ ਗੁਰੂ ਗੋਬਿੰਦ ਸਿੰਘ ਆਖਦੇ ਹਨ ਅਤੇ ਜਿਸ ਨੇ ਨਦੇੜ ਵਿਚ ਕੌਤਕ ਰਚਾਇਆ ਸੀ। ਕੁਝ ਬਚਨ ਕਰਨ ਉਪ੍ਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਜੀ ਨੂੰ ਭਜਨ (ਗੁਰਮੰਤ੍ਰ) ਦੀ ਦਾਤ ਬਖਸ਼ੀ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਬਾਬੇ ਬਾਲਕ ਸਿੰਘ ਜੀ ਅਗੇ ਪੰਜ ਪੈਸੇ ਅਤੇ ਇਕ ਨਾਰੀਅਲ ਰਖ ਕੇ ਮਥਾ ਟੇਕ ਕੇ ਬਾਬੇ ਬਾਲਕ ਸਿੰਘ ਜੀ ਨੂੰ ਗੁਰੂ ਬਾਲਕ ਸਿੰਘ ਬਣਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਖਤ ਦਾ ਗਿਆਰਵਾਂ ਜਾਨਸ਼ੀਨ ਅਥਵਾ ਅਪਣਾ ਉਤ੍ਰਾਧਿਕਾਰੀ ਬਣਾ ਦਿੱਤਾ

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਬਾਲਕ ਮ੍ਰਿਗੇਸ ਤੈ ਵਿਸੇਸ਼ ਉਪਦੇਸ ਨਾਮ, ਜਹੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ
ਔਰ ਇਲਾਮ ਕਰਤਾਰ ਕਹੀ ਬਾਰ ਦਇਓ, ਨਾਮ ਦੈ ਉਧਾਰ ਕਰ ਜੀਵਨ ਕਾ ਤੂ ਖਰੇ
ਐ ਪੈ ਗੁਰ ਦਸਮ ਦੈ ਜੋ ਕਹਿਓ ਤਾਂਹਿ ਮੇਰੋ ਅਵਤਾਰ-ਅੰਸ ਰਾਮ ਸਿੰਘ ਹੈ ਤਰੇ
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ ਨਿਜ ਸਕਤਿ ਰਹਾਈ, ਗੁਰ ਵਾਕ ਟੇਢ ਖੇ ਧਰੇ

ਡਾ: ਹਰਿਭਜਨ ਸਿੰਘ ਜੀ ਨੇ ਅੰਗਰੇਜ਼ੀ ਵਿਚ ਇਸ ਕਬਿੱਤ ਦਾ ਅਨੁਵਾਦ ਇਸ ਤਰਾਂ ਕੀਤਾ ਹੈ

(1) The spiritual message that BALAK SINGH delivered was of immense benefit to men and women. It helped them swim accross the VAST SEA of existense.
(2) And, the Creator Himsef had revealed His word and charged him to spread it for the purification of human life
(3) Neverthe less the Tenth Master appeared in person and informed him: RAM SINGH is my incarnation, partaking of an element of mine
(4) I have, Therefore, entrusted him, and none else, with my authority. The master's message was clear and firm

ਭਾਵ ਇਹ ਹੈ ਕਿ ਦਸਮ ਗੁਰੂ ਜੀ ਨੇ ਦਰਸ਼ਨ ਦੇ ਕੇ ਗੁਰੂ ਬਾਲਕ ਸਿੰਘ ਜੀ ਨੂੰ ਗੁਰ ਗੱਦੀ ਸੌਂਪਦਿਆਂ ਕਹਿਆ ਸੀ ਕਿ ਇਹ ਮੇਰੀ ਅਮਾਨਤ ਹੈ ਮੈਂ ਆਪ ਹੀ ਇਥੇ ਆ ਕੇ ਲੈ ਲਵਾਂਗਾ ਉਸ ਵਕਤ ਮੇਰਾ ਨਾਮ ਰਾਮ ਸਿੰਘ ਹੋਵੇਗਾ

ਸ੍ਰੀ ਸਤਿਗੁਰੂ ਜੀ ਦੇ ਸ੍ਰੇਸ਼ਟ ਉਪਦੇਸ਼ ਦੁਆਰਾ ਲੋਕਾਂ ਦੀ ਸੁਧਰੀ ਹੋਈ ਹਾਲਤ ਬਾਰੇ ਗਿਆਨੀ ਜੀ ਇਸ ਤਰਾਂ ਲਿਖਦੇ ਹਨ

**ਭਏ ਲੋਗ ਬਡ ਭਾਗੀ, ਭਗਤੀ ਮੈਂ ਮਤਿ ਪਾਗੀ,**
**ਸੰਤ ਸੰਗ ਮਾਂਹਿ ਜਾਗੀ, ਸੰਤ ਸੇਵ ਹੂੰ ਠਟੀ**

People who became the disciples of Guru Balak Singh were exceedingly [illegible]. They remained absorbed in the love of God. They remained awaken in the [illegible] of godly persons and they dedicated their lives to the service of saintly persons.

ਲੋਕ ਬੜੇ ਭਾਗਾਂ ਵਾਲੇ ... ਸਤ ਸੰਗੀ ਬਣ ਗਏ ਸਨ, ਨਾਮ ਜਪਦੇ ਸਨ ਅਤੇ ਸੰਤਾਂ ਦੀ ਸੇਵਾ ਕਰਦੇ ਸਨ

Sri Satguru Jagjit Singh Ji Elibrary NamdhariElibrary@gmail.com

# ਸੱਜਦਾਨੀ ਕਲਾਮ

ਹਜ਼ਰੋ ਵਿਚ ਇਕ ਸੱਜਦਾਨੀ ਚੜ੍ਹਾਈ ਕਰ ਗਈ ਸੀ । ਜਦੋਂ ਦਰਗਾਹ ਵਿਚ ਗਈ ਤਾਂ ਉਥੇ ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਬੜਾ ਜੱਸ ਸੁਣਿਆ । ਉਸ ਨੇ ਸੁਣਿਆ ਕਿ ਇਸ ਵੇਲੇ ਮਾਤ ਲੋਕ ਵਿਚ ਹਜ਼ਰੋ ਵਿਚ ਸ੍ਰੀ ਗੁਰੂ ਬਾਲਕ ਸਿੰਘ ਜੀ ਪੂਰਨ ਗੁਰੂ ਹਨ । ਸਾਰੀਆਂ ਤਾਕਤਾਂ ਦੇ ਮਾਲਕ ਹਨ, ਜਿਸ ਤੇ ਵੀ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਹੋਵੇਗੀ ਉਹ ਪਾਰ ਹੋ ਜਾਏਗਾ ਅਥਵਾ ਮੁਕਤ ਹੋ ਜਾਏਗਾ । ਇਹ ਸੁਣ ਕੇ ਉਹ ਬੜੀ ਹੈਰਾਨ ਹੋਈ ਅਤੇ ਦਿਲ ਵਿਚ ਪਛਤਾਵਾ ਕੀਤਾ ਕਿ ਇਹ ਤਾਂ ਸਾਡੇ ਨਗਰ ਹੀ ਰਹਿੰਦੇ ਸਨ, ਅਸਾਂ ਇਨ੍ਹਾਂ ਦੀ ਸਾਰ ਹੀ ਨਹੀ ਜਾਣੀ ।

ਦੈਵਨੇਤ ਨਾਲ ਉਹ ਸੱਜਦਾਨੀ ਫਿਰ ਜਿੰਦਾ ਹੋ ਗਈ । ਜਦੋਂ ਹੋਸ਼ ਆਈ ਤਾਂ ਕੋਲ ਬੈਠੇ ਸਾਰੇ ਰਿਸ਼ਤੇਦਾਰਾਂ ਨੂੰ ਦੱਸਿਆ ਕਿ ਮੈਂ ਦਰਗਾਹ ਵਿਚੋਂ ਸੁਣ ਕੇ ਆਈ ਹਾਂ ਕਿ ਗੁਰੂ ਬਾਲਕ ਸਿੰਘ ਜੀ ਇਸ ਵੇਲੇ ਪੂਰਨ ਗੁਰੂ ਹਨ ਅਤੇ ਸਭ ਰਹਿਮਤਾਂ ਦੇ ਮਾਲਕ ਹਨ । ਸ੍ਰੀ ਗੁਰੂ ਬਾਲਕ ਜੀ ਦਾ ਜੱਸ ਅੱਗੇ ਹੀ ਬੜਾ ਫੈਲਿਆ ਹੋਇਆ ਸੀ ਪਰ ਜਦੋਂ ਲੋਕਾਂ ਨੇ ਇਸ ਬਾਰੇ ਆਈ ਸੱਜਦਾਨੀ ਕੋਲੋਂ ਇਹ ਗੱਲ ਸੁਣੀ ਤਾਂ ਲੋਕਾਂ ਦੀ ਸ਼ਰਧਾ ਹੋਰ ਵੀ ਵਧ ਗਈ । ਇਸ ਸੱਜਦਾਨੀ ਨੇ ਆਪਣੇ ਪੁੱਤਰ ਨੂੰ ਸ੍ਰੀ ਗੁਰੂ ਬਾਲਕ ਸਿੰਘ ਜੀ ਕੋਲ ਭੇਜਿਆ ਅਤੇ ਕਿਹਾ ਕਿ ਮੇਰੇ ਵਲੋਂ ਨਿਮ੍ਰਤਾ ਸਹਿਤ ਅਰਜ਼ ਕਰੋ ਕਿ ਗੁਰੂ ਜੀ ਮੈਨੂੰ ਦਰਸ਼ਨ ਦੇ ਜਾਣ । ਪੁੱਤਰ ਨੇ ਗੁਰੂ ਜੀ ਨੂੰ ਸਾਰੀ ਗੱਲ ਸੁਣਾਈ ਅਤੇ ਅਰਜ਼ ਕੀਤੀ ਕਿ ਮੇਰੀ ਅੰਮਾਂ ਨੂੰ ਦਰਸ਼ਨ ਦੇਣ ਲਈ ਸਾਡੇ ਘਰ ਚਲੋ । ਦਯਾ ਨਿਧਿ ਸਤਿਗੁਰੂ ਜੀ ਉਸੇ ਵਕਤ ਉਸ ਮਾਈ ਦੇ ਘਰ ਗਏ । ਮਾਈ ਦਰਸ਼ਨ ਕਰਦਿਆਂ ਸਾਰ ਸਤਿਗੁਰੂ ਜੀ ਦੇ ਚਰਨਾਂ ਤੇ ਲਿਪਟ ਗਈ ਅਤੇ ਮਸਤਾਨੀ ਹੋ ਗਈ ਅਤੇ ਕਹਿਣ ਲਗੀ ਕਿ ਮੈਨੂੰ ਤਾਂ ਖੁਦਾਏ ਪਾਕ ਦਾ ਦੀਦਾਰ ਹੋਇਆ ਹੈ । ਬੜੇ ਸਤਿਕਾਰ ਨਾਲ ਪਲੰਘ ਤੇ ਬੈਠਾਇਆ ਅਤੇ ਬੇਨਤੀ ਕੀਤੀ ਕਿ ਮੈਨੂੰ ਵੀ ਖੁਦਾ ਦੀ ਬੰਦਗੀ ਬਖਸ਼ੋ । ਗੁਰੂ ਜੀ ਨੇ ਉਸ ਮਾਈ ਨੂੰ ਕਿਹਾ ਕਿ ਅੰਮ੍ਰਿਤ ਵੇਲੇ ਉਠ ਕੇ ਸਣਕੇਸੀ ਇਸ਼ਨਾਨ ਕਰਕੇ ਖੁਦਾ ਅਗੇ ਅਰਜ਼ ਕਰੀਂ ਕਿ ਐ ਖੁਦਾ ਮੈਨੂੰ ਇਸ ਵੇਲੇ ਦੀ ਬੰਦਗੀ ਬਖਸ਼ । ਸਤਿਗੁਰੂ ਜੀ ਇੰਨਾ ਬਚਨ ਕਰਕੇ ਵਾਪਸ ਆਪਣੇ ਡੇਰੇ ਚਲੇ ਗਏ । ਅਗਲੇ ਦਿਨ ਉਸ ਮਾਈ ਨੇ ਸਣਕੇਸੀ ਇਸ਼ਨਾਨ ਕਰਕੇ ਜਦੋਂ ਖੁਦਾ ਅਗੇ ਅਰਜ਼ ਕੀਤੀ ਤਾਂ ਉਸ ਨੂੰ ਇਉਂ ਭਾਸਿਆ ਕਿ ਕੋਈ ਮਹਾਂ ਆਤਮਾ ਉਸ ਦੇ ਕੰਨ ਵਿਚ ਚੁਅੱਖਰਾ ਭਜਨ ਦਸ ਰਹੀ ਹੈ । ਮਾਈ ਸੁਣ ਕੇ ਗੱਦ ਗੱਦ ਹੋ ਗਈ ਅਤੇ ਲਗੀ ਦਿਨੇ ਰਾਤ ਜਪਣ ।

ਕੁਝ ਦਿਨਾਂ ਪਿਛੋਂ ਇਸ ਮਾਈ ਨੇ ਫਿਰ ਅਰਜ਼ ਕਰ
ਘਲੀ ਕਿ ਹੇ ਪੀਰ ਜੀ ਸਾਡੇ ਘਰ ਪਰਦੇ ਦਾ ਰਵਾਜ ਹੈ ਇਸ ਲਈ ਮੈਂ ਆਪ ਜਾ ਕੇ
ਦਰਸ਼ਨ ਨਹੀਂ ਕਰ ਸਕਦੀ ਆਪ ਕਿਰਪਾ ਕਰਕੇ ਮੈਨੂੰ ਇਥੇ ਆ ਕੇ ਦਰਸ਼ਨ
ਦੇ ਜਾਇਆ ਕਰੋ, ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ। ਇੱਛਾ ਪੂਰਕ ਸਤਿਗੁਰੂ
ਜੀ ਸੱਯਦਾਣੀ ਨੂੰ ਦਰਸ਼ਨ ਦੇਣ ਵਾਸਤੇ ਹਰ ਪੰਦਰੀਂ ਦਿਨੀਂ ਉਸਦੇ ਘਰ ਜਾਂਦੇ
ਸਨ। ਸਤਿਗੁਰੂ ਜੀ ਤਾਂ ਪ੍ਰੇਮ ਵਸ ਉਸ ਮਾਈ ਦੇ ਘਰ ਜਾਂਦੇ ਸਨ ਪਰ ਮੂੜ੍ਹ
ਮਤ ਆਦਮੀਆਂ ਨੇ ਇਹ ਸਮਝ ਲਿਆ ਕਿ ਸੱਯਦਾਣੀ ਅਗੋਂ ਹੋ ਕੇ ਵਾਪਸ
ਆਈ ਹੈ ਇਸ ਲਈ ਬਾਬਾ (ਸ੍ਰੀ ਗੁਰੂ) ਬਾਲਕ ਸਿੰਘ ਜੀ ਉਸਦੇ ਘਰ
ਉਸ ਦੇ ਦਰਸ਼ਨ ਕਰਨ ਵਾਸਤੇ ਅਤੇ ਕਰਾਮਾਤ ਲੈਣ ਵਾਸਤੇ ਜਾਂਦੇ ਹਨ
ਉਹ ਇਹ ਨ ਸਮਝ ਸਕੇ ਕਿ ਗੁਰੂ ਜਾਂ ਤਾਂ

**ਨਾਮ ਸਿੰਘ ਬਾਲਕ, ਪੈ ਪਾਲਕ ਪਿਗੰਬਰੋਂ ਕੇ**
**ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਜਾਗੀ ਹੈਂ**

ਭਾਵ ਸ੍ਰੀ ਗੁਰੂ ਬਾਲਕ ਸਿੰਘ ਜੀ ਖੁਦ ਪੈਗੰਬਰਾਂ (ਅਵਤਾਰਾਂ)
ਦੇ ਪਾਲਕ ਅਤੇ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਹਨ

ਜਦੋਂ ਇਸ ਸੱਯਦਾਣੀ ਨੂੰ ਲੋਕਾਂ ਦੀ ਗਲਤ ਫਹਿਮੀ ਦਾ ਪਤਾ ਲੱਗਾ ਤਾਂ ਉਸਨੇ
ਅਪਣੀ ਸ਼ਰਾਅ ਦੀ ਪਰਵਾਹ ਨ ਕਰਦਿਆਂ ਹੋਇਆ ਪਰਦਾ ਲਾਹ ਕੇ ਅਪਣੇ
ਕੋਠੇ ਤੇ ਚੜ੍ਹ ਕੇ ਉੱਚੀ ਉੱਚੀ ਦੁਹਾਈ ਦਿੱਤੀ ਕਿ ਲੋਕੋ ਮੈਂ ਦਰਗਾਹ ਵਿਚੋਂ
ਸੁਣ ਕੇ ਆਈ ਹਾਂ ਕਿ ਗੁਰੂ ਬਾਲਕ ਸਿੰਘ ਜੀ ਐਸ ਸਮੇਂ ਦੇ ਪੂਰਨ ਗੁਰੂ
ਹਨ ਸਭ ਰਹਿਮਤਾਂ ਬਖਸ਼ਸ਼ਾਂ ਦੇ ਮਾਲਕ ਹਨ, ਖੁਦਾ ਦਾ ਨੂਰ ਹਨ।
ਮੈਂ ਤਾਂ ਉਨ੍ਹਾਂ ਕੋਲੋਂ ਬੰਦਗੀ ਲੈ ਕੇ ਨਿਹਾਲ ਹੋਈ ਹਾਂ ਪਰ ਤੁਸੀਂ ਉਲਟਾ
ਹੀ ਸਮਝ ਬੈਠੇ ਹੋ। ਗੁਰੂ ਜੀ ਦੀ ਨਿੰਦਿਆ ਕਰਕੇ ਨਰਕ ਗਾਮੀ ਨ ਬਣੋ
ਸਗੋਂ ਉਨ੍ਹਾਂ ਕੋਲੋਂ ਬੰਦਗੀ ਲੈ ਕੇ ਅਪਣਾ ਜਨਮ ਸਫਲ ਕਰੋ।
ਮਾਈ ਦੀ ਦੁਹਾਈ ਸੁਣ ਕੇ ਬਹੁਤਿਆਂ ਆਦਮੀਆਂ ਨੇ ਸਤਿਗੁਰੂ ਜੀ
ਕੋਲੋਂ ਮਾਫੀ ਮੰਗੀ ਅਤੇ ਭਜਨ ਪੁੱਛਿਆ।

ਕੁਝ ਚਿਰ ਪਿਛੋਂ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗੁਰ ਗੱਦੀ ਤੇ ਬੈਠੇ
ਉਦੋਂ ਸਤਿਗੁਰੂ ਜੀ ਦਾ ਵਧਦਾ ਪ੍ਰਤਾਪ ਵੇਖ ਕੇ ਪੁਜਾਰੀਆਂ ਨੂੰ ਅਪਣੀ
ਮਾਨਤਾ ਦੇ ਘਟ ਜਾਣ ਦਾ ਡਰ ਪੈ ਗਿਆ, ਉਨ੍ਹਾਂ ਪੁਜਾਰੀਆਂ ਨੇ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸਿੱਖਾਂ ਦੀ (ਨਾਮਧਾਰੀਆਂ ਦੀ)
ਨਿੰਦਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਸਾਰਿਆਂ ਗੁਰਦੁਆਰਿਆਂ ਵਿਚ ਲਿਖ ਕੇ
ਭੇਜ ਦਿੱਤਾ ਕਿ ਨਾਮਧਾਰੀ ਸੱਯਦਾਣੀ ਕਲਾਮ ਪੜ੍ਹਦੇ ਹਨ, ਇਹ ਸਿੱਖ ਨਹੀਂ
ਇਨ੍ਹਾਂ ਨੂੰ

ਗੁਰਦਵਾਰਿਆਂ ਵਿਚ ਨਾ ਵੜਨ ਦਿਤਾ ਜਾਏ । ਜਦੋਂ ਨਾਮਧਾਰੀਆਂ ਉਤੇ ਇਸ ਦੋਸ਼ ਲਗਣ ਦਾ ਪਤਾ ਪ੍ਰਸਿਧ ਇਤਿਹਾਸਕਾਰ ਨਿਰਮਲੇ ਮਹਾਤਮਾ ਗਿਆਨੀ ਗਿਆਨ ਸਿੰਘ ਜੀ ਨੂੰ ਲੱਗਾ ਤਾਂ ਇਸ ਮੌਕੇ ਦੇ ਸਮਾਧਾਨ ਕਰਨ ਲਈ ਉਹ ਆਪ ਖੁਦ ਸ੍ਰੀ ਭੈਣੀ ਸਾਹਿਬ ਗਏ । ਉਥੇ ਨਾਮਧਾਰੀ ਸਿਖਾਂ ਦੇ ਦਰਸ਼ਨ ਕਰਕੇ ਐਸੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਭਜਨ ਪੁਛ ਲਿਆ ਭਜਨ ਤਾਂ ਗੁਰੂ ਨਾਨਕ ਦੇਵ ਜੀ ਵਾਲਾ ਹੀ ਸੀ । ਭਜਨ ਪੁਛਦਿਆਂ ਸਾਰ ਹੀ ਪੁਜਾਰੀਆਂ ਦਾ ਪਾਇਆ ਹੋਇਆ ਭੁਲੇਖਾ ਦੂਰ ਹੋ ਗਿਆ ।

ਆਪ ਲਿਖਦੇ ਹਨ

**ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ**
**ਸੋਊ ਸਭਿ ਕੂਰ, ਹਮ ਪੇਖਯੋ ਅਜਮਾਇ ਕੈ**

ਭਾਵ ਪੁਜਾਰੀਆਂ ਦਾ ਪਾਜ ਖੋਲਦੇ ਹੋਇ ਲਿਖਦੇ ਹਨ ਕਿ ਮੈਂ ਖੁਦ ਭਜਨ ਲੈ ਕੇ ਅਜਮਾ ਕੇ ਵੇਖ ਲਿਆ ਹੈ ਕਿ ਜਿਹੜੇ ਇਹ ਆਖਦੇ ਹਨ ਕਿ ਨਾਮਧਾਰੀ ਸੱਯਦਾਨੀ ਕਲਾਮ ਪੜ੍ਹਦੇ ਹਨ ਉਹ ਸਭ ਝੂਠ ਹੀ ਕਹਿੰਦੇ ਹਨ

ਗੁਰੂ ਪ੍ਰਤਾਪ ਸੂਰਜ ਵਿਚ ਗੁਰੂ ਬਾਲਕ ਸਿੰਘ ਜੀ ਬਾਰੇ ਸ੍ਰੀ ਦਸਮੇਸ਼ ਗੁਰੂ ਜੀ ਦਾ ਫੁਰਮਾਨ ਹੈ

**ਬੇਰ ਗਿਆਰਵੀ ਜਬ ਹਮ ਆਵਹਿੰ**
**ਤਾਂ ਤੇ ਕੋਇਕ ਹਮ ਲਖ ਪਾਵਹਿ**

ਭਾਵ ਇਹ ਹੈ ਕਿ ਦਸਮੇਸ਼ ਗੁਰੂ ਜੀ ਪਹਿਲਾਂ ਹੀ ਕਹਿ ਗਏ ਸਨ ਕਿ ਸਾਡੇ ਗਿਆਰਵੇਂ ਰੂਪ ਵਿਚ ਸਾਨੂੰ ਕੋਈ " ਕੋਈ ਹੀ ਜਾਣ ਸਕੇਗਾ

**ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ**

ਜਿਸਤਰਾਂ ਇਕ ਜਗਦਾ ਦੀਵਾ ਕਿਸੇ ਘੜੇ ਵਿਚ ਰਖਿਆ ਜਾਏ , ਉਥੇ ਦੀਵਾ ਤਾਂ ਜਗਦਾ ਹੀ ਹੁੰਦਾ ਹੈ ਪਰ ਬਹੁਤਿਆਂ ਨੂੰ ਦਿਖਾਈ ਨਹੀਂ ਦਿੰਦਾ । ਇਸੇਤਰ੍ਹਾਂ ਗੁਰੂ ਬਾਲਕ ਸਿੰਘ ਜੀ ਬਹੁਤਿਆਂ ਦੀ ਜਾਣਕਾਰੀ ਵਿਚ ਨਹੀਂ ਆਏ ਸਨ

*Like an earthern lamp burning within a pot, Siri Guru Balak Singh ji did not display his greatness.*

**ਸੰਮਤ ਨੈਣ ਫੁਨੀ ਆਠੇ ਸੰਮਤ ਬਹੱਤ੍ਰੇ ਮੈਂ**
**ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰ ਕੈ**
**ਜਿਲੇ ਲੁਦਿਹਾਨੇ ਗਾਮ ਭੈਣੀ ਨਾਮ ਜਾਣੇ ਆਮ**
**ਅਵਤਰੇ ਸਿੰਘ ਰਾਮ ਕਲਮਲੈਂ ਟਾਰਕੈ**

(ਗਿਆਨੀ ਗਿਆਨ ਸਿੰਘ ਜੀ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿਸ਼ ਬਾਣੀ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਾਦੁਰਭਾਵ ਸੰਮਤ 1872 (ਸੰਨ 1816) ਦੀ ਮਾਘ ਸੁਦੀ ਪੰਚਮੀ ਨੂੰ ਜ਼ਿਲਾ ਲੁਧਿਆਣੇ ਦੇ ਇਕ ਪਿੰਡ ਭੈਣੀ ( ਸ੍ਰੀ ਭੈਣੀ ਸਾਹਿਬ) ਵਿਚ ਹੋਇਆ।

Sri Satguru Ram Singh ji descended like a god in a village Sri Bhaini Sahib in district Ludhiana (PUNJAB) on Thursday morning the fifth moon of Magha 1872 Bikrami (AD 1816). His father's name was Baba Jassa Singh, mother's name was Mata Sada Kaur.

ਬਚਪਨ ਵਿਚ ਹੀ ਕਈ ਬਾਣੀਆਂ ਕੰਠ ਕਰ ਲਈਆਂ ਅਤੇ ਬਹੁਤਾ ਈਸ਼ਵਰ ਧਿਆਨ ਵਿਚ ਹੀ ਮਗਨ ਰਹਿੰਦੇ। ਅਨੇਕ ਤਰ੍ਹਾਂ ਦੇ ਕੌਤਕ ਕਰਦੇ ਹੋਏ ਆਪ ਜਵਾਨ ਹੋਏ। ਜਵਾਨੀ ਵਿਚ ਪੈਰ ਧਰਦਿਆਂ ਹੀ ਆਪ ਫੌਜ ਵਿਚ ਭਰਤੀ ਹੋ ਗਏ

**ਬਡੇ ਥਾਇ, ਜਾਇ ਕੈ ਲਹੌਰ ਪਲਟਨ ਮਾਂਹਿ**
**ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ**

Thinking that service in army is a noble service for the Country, Sri Satguru ji went to Lahore (Capital of the PUNJAB) and got entered in the Sikh army (Khalsa Fauj). Even in the army, Satguru ji used to recite Gurmantra and Gurbani daily

**ਸੰਮਤ ਅਠਾਰਾਂ ਸੌ ਅਠਾਨਵੇਂ ਮੈਂ ਪਲਟਨ,**
**ਗਈ ਥੀ ਸੋ ਹਜਰੋ ਮੈਂ, ਰਾਜ ਕਾਜ ਹਿਤਰੇ।**

ਸੰਮਤ 1898 ਵਿਚ ਸਤਿਗੁਰੂ ਜੀ ਵਾਲੀ ਫੌਜ (ਤਗੜਾਂ ਵਾਲੀ ਫੌਜ) ਕਿਸੇ ਸਰਕਾਰੀ

(ਨੋਟ : ਪ੍ਰਮਾਣਤਾਵਾਂ ਰਾਮ ਸਿੰਘ ਸਾਕਾ ਪ੍ਰਕਾਸ਼ ਪ੍ਰਿੰਸ ਰਾਹੀਆਂ ਵਿਚ ਜੋਤਿਆਂਸਮੀ। ਪਿੰਡ ਰਾਹੀਆਂ ਅਤੇ ਸ੍ਰੀ ਭੈਣੀ ਸਾਹਿਬ ਤੋਂ ਪ੍ਰਾਪਤ [illegible] ਕਰ ਲਏ ਗਏ ਹਨ)

ਕੌਮ ਵਾਸਤੇ ਪਸ਼ੌਰ ਨੂੰ ਜਾਂਦੀ ਸੀ। ਇਹ ਫੌਜ ਰਾਹ ਵਿਚ ਕਈ ਥਾਵਾਂ ਤੇ ਪੜਾਅ ਕਰਦੀ ਜਾਂਦੀ। ਇਕ ਪੜਾਅ ਸ੍ਰੀ ਹਜ਼ਰੋ ਸਾਹਿਬ ਵੀ ਕੀਤਾ। ਇਥੇ ਉਨ੍ਹਾਂ ਦਿਨਾਂ ਵਿਚ ਗੁਰੂ ਬਾਲਕ ਸਿੰਘ ਜੀ ਦੀ ਬੜੀ ਪ੍ਰਸਿਧੀ ਸੀ। ਪ੍ਰਸਿਧੀ ਸੁਣ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਗਏ। ਆਪ ਜੀ ਨਾਲ ਹੋਰ ਵੀ ਕਈ ਫੌਜੀ ਸਾਥੀ ਸਨ। ਜਦੋਂ ਸਤ ਸੰਗ ਵਾਲੀ ਜਗਾਹ ਤੇ ਪੁਜੇ ਉਦੋਂ ਗੁਰੂ ਬਾਲਕ ਸਿੰਘ ਜੀ ਇਸ ਸ਼ਬਦ ਦੀ ਕਥਾ ਕਰ ਰਹੇ ਸਨ

## ਠਾਕੁਰ ਤੁਮ ਸਰਣਾਈ ਆਇਆ

ਮਰਯਾਦਾ ਪੁਰਸ਼ੋਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਮਥਾ ਟੇਕਿਆ ਤਾਂ ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ :-

## ਆਓ ਠਾਕੁਰ ਜੀ ਮਹਾਰਾਜ। ਅਸੀਂ ਤਾਂ ਬੜੇ ਚਿਰਾਂ ਤੋਂ ਆਪ ਜੀ ਦੀ ਉਡੀਕ ਕਰ ਰਹੇ ਹਾਂ

ਇੰਨਾ ਬਚਨ ਕਰਕੇ ਗੁਰੂ ਬਾਲਕ ਸਿੰਘ ਜੀ ਉਠ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜੱਫੀ ਪਾ ਕੇ ਮਿਲੇ ਅਤੇ ਸਾਰੀ ਸੰਗਤ ਨੂੰ ਦਸਿਆ ਕਿ ਇਹ ਉਹੀ ਠਾਕੁਰ ਜੀ ਹਨ ਜਿਨ੍ਹਾਂ ਬਾਰੇ ਸ੍ਰੀ ਗੋਬਿੰਦ ਸਿੰਘ ਜੀ ਮੈਨੂੰ ਹੁਕਮ ਕਰ ਗਏ ਸਨ ਕਿ ਅਸੀਂ ਆਪ ਹੀ ਇਥੇ ਆ ਕੇ ਅਪਣੀ ਅਮਾਨਤ ਲੈ ਲਵਾਂਗੇ ਅਤੇ ਜਿਨ੍ਹਾਂ ਬਾਰੇ ਲਿਖਿਆ ਹੈ

## ਦੁਆਦਸ ਪੁਰਖ ਹੈ ਆਦਿ ਸੇ ਸਭਨ ਕੇ ਸਿਰਮੌਰ<br>ਸ਼ਕਤਿ ਅਨੰਤੀ ਆਇ ਹੈ ਆਇ ਇਹੈ ਨਹੀਂ ਔਰ

ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਬੜੇ ਆਦਰ ਸਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਪਣੀ ਗੱਦੀ ਤੇ ਬਿਠਾਇਆ। ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਖੁਦ ਅਕਾਲ ਪੁਰਖ ਸਨ ਪਰ ਮਰਯਾਦਾ ਨੂੰ ਮੁਖ ਰਖਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕੰਨ ਵਿਚ ਗੁਰਮੰਤ੍ਰ (ਭਜਨ) ਦਿੱਤਾ। ਇਸ ਦੇ ਨਾਲ ਹੀ ਦੂਜੇ ਆਏ ਫੌਜੀਆਂ ਨੇ ਵੀ ਭਜਨ ਲਿਆ

ਉਤਾਰ ਕੇ ਹਥ ਕੇ, ਫਿਰ ਪੰਜ ਪੈਸੇ ਅਤੇ ਇਕ ਨਾਰੀਅਲ ਰਖ ਕੇ ਗੁਰੂ ਬਾਲਕ ਸਿੰਘ ਜੀ ਨੇ ਪਹਿਲਾਂ ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੀ ਨੂੰ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮੱਥਾ ਟੇਕਣ ਦਾ ਹੁਕਮ ਕੀਤਾ ਇਸ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ ਵਾਲੀ ਅਮਾਨਤ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਖਿਆਨਤ ਰਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਦਿੱਤੀ।

## ਸਭ ਉਪਰਿ ਨਾਨਕ ਕਾ ਠਾਕੁਰ



ਸਤਿਗੁਰੂ ਰਾਮ ਸਿੰਘ ਜੀ

ਤੂ ਠਾਕੁਰੋ ਬੈਰਾਗਰੋ,
ਮੈ ਜੇਹੀ ਘਣ ਚੇਰੀ ਰਾਮ ॥

ਤੂੰ ਸਾਗਰੋ ਰਤਨਾਗਰੋ
ਹਉ ਸਾਰ ਨ ਜਾਣਾ ਤੇਰੀ ਰਾਮ ॥

ਸਾਰ ਨ ਜਾਣਾ, ਤੂ ਵਡ ਦਾਣਾ,
ਕਰਿ ਮਿਹਰੰਮਤਿ ਸਾਂਈ ॥

ਕਿਰਪਾ ਕੀਜੈ, ਸਾ ਮਤਿ ਦੀਜੈ,
ਆਠ ਪਹਰ ਤੁਧੁ ਧਿਆਈ ।

ਮੈਂ ਜੇਹੀ ਘਣ ਚੇਰੀ ਰਾਮ

Sri Satguru Jagjit Singh Ji Elibrary NamdhariElibrary@gmail.com